# ਮੁਕਤੀ ਅਤੇ ਮਸੀਹੀ ਜੀਵਨ

ਕੇ.ਜੀ. ਕੁਰੀਅਨ, ਕੋਟਾਯਮ

# ਮੁਕਤੀ ਅਤੇ ਮਸੀਹੀ ਜੀਵਨ

ਹਰ ਮਨੁੱਖ ਆਪਣੀ ਆਤਮਾ ਦਾ ਨਿਸਤਾਰਾ (ਮੁਕਤੀ) ਚਾਹੁੰਦਾ ਹੈ ਪਰ ਇਹ ਪ੍ਰਾਪਤ ਕਿਵੇਂ ਕੀਤਾ ਜਾ ਸਕਦਾ ਹੈ? ਮੁਕਤੀ ਦੀ ਪ੍ਰਾਪਤੀ ਜਾਂ ਸਵਰਗ ਵਿੱਚ ਜਾਣ ਬਾਰੇ ਅੱਜ ਦਾ ਵੱਡਾ ਸਵਾਲ ਇਹ ਹੈ ਕਿ ਮੁਕਤੀ ਜਾਂ ਛੁਟਕਾਰਾ ਕਿੱਥੋਂ, ਕਿਵੇਂ ਅਤੇ ਕਿਸ ਦੇ ਦੁਆਰਾ ਪ੍ਰਾਪਤ ਹੁੰਦਾ ਹੈ? ਮੁਕਤੀ ਪ੍ਰਾਪਤ ਕਰਨ ਦੇ ਰਾਹ ਵਿੱਚ ਕੀ ਰੁਕਾਵਟਾਂ ਹਨ? ਸਾਰੇ ਧਰਮਾਂ ਦੀਆਂ ਸਿੱਖਿਆਵਾਂ ਦੇ ਅਨੁਸਾਰ ਅਤੇ ਆਪਣੇ ਨਿੱਜੀ ਅਨੁਭਵ ਦੇ ਆਧਾਰ ਤੇ ਵੀ ਅਸੀਂ ਇਹ ਕਹਿ ਸਕਦੇ ਹਾਂ ਕਿ ਮੁਕਤੀ ਜਾਂ ਛੁਟਕਾਰਾ ਕੇਵਲ ਪਾਪਾਂ ਤੋਂ ਮਾਫ਼ੀ ਦੁਆਰਾ ਹੀ ਸੰਭਵ ਹੈ।

ਪਾਪ ਮਨੁੱਖੀ ਜੀਵਨ ਵਿੱਚ ਅਸ਼ਾਂਤੀ ਅਤੇ ਅਸੰਤੁਸ਼ਟੀ ਦਾ ਮੂਲ ਕਾਰਨ ਹੈ।

ਸਿਰਫ਼ ਯਿਸੂ ਮਸੀਹ ਹੀ ਪਾਪ ਤੋਂ ਛੁਟਕਾਰਾ ਦੇਣ ਵਾਲੇ ਵਜੋਂ ਪ੍ਰਗਟ ਹੋਇਆ ਹੈ। ਉਹ ਸੰਸਾਰ ਦਾ ਮੁਕਤੀਦਾਤਾ ਹੈ ਕਿਉਂਕਿ ਉਹ ਮਨੁੱਖ ਨੂੰ ਉਸਦੇ ਪਾਪਾਂ ਤੋਂ ਬਚਾਉਂਦਾ ਹੈ। ਯਿਸੂ ਮਸੀਹ ਦਾ ਪ੍ਰਸਿੱਧ ਚੇਲਾ ਪੌਲੁਸ ਲਿਖਦਾ ਹੈ- ਯਿਸੂ ਮਸੀਹ ਪਾਪੀਆਂ ਨੂੰ ਬਚਾਉਣ ਲਈ ਇਸ ਸੰਸਾਰ ਵਿੱਚ ਆਇਆ ਸੀ (1 ਤਿਮੋਥਿਉਸ 1:15) I ਆਓ ਅਸੀਂ ਯਿਸੂ ਮਸੀਹ ਦੁਆਰਾ ਪ੍ਰਦਾਨ ਕੀਤੀ ਗਈ ਮੁਕਤੀ ਦੀ ਧਿਆਨ ਨਾਲ ਜਾਂਚ ਕਰੀਏ ਅਤੇ ਪਵਿੱਤਰ ਸ਼ਾਸਤਰ, ਬਾਈਬਲ ਦੇ ਆਧਾਰ ਤੇ ਇੱਕ ਸਫਲ ਮਸੀਹੀ ਜੀਵਨ ਨੂੰ ਸਮਝੀਏ।

ਮਨੁੱਖ ਇੱਕ ਪਾਪੀ ਹੈ, ਇੱਥੋਂ ਤੱਕ ਕਿ ਉਹ ਜਨਮ ਤੋਂ ਹੀ ਇੱਕ ਪਾਪੀ ਹੈ , ਅਤੇ ਇਹ ਇਸ ਲਈ ਹੈ ਕਿਉਂਕਿ ਪਹਿਲੇ ਮਨੁੱਖ ਆਦਮ ਨੇ ਪਾਪ ਕੀਤਾ ਸੀ। ਬਾਈਬਲ ਵਿੱਚ ਲਿਖਿਆ ਹੈ ਕਿ– *ਇਸ ਲਈ ਜਿਵੇਂ ਇੱਕ ਮਨੁੱਖ ਤੋਂ ਪਾਪ ਸੰਸਾਰ ਵਿੱਚ ਆਇਆ*

*ਅਤੇ ਪਾਪ ਤੋਂ ਮੌਤ ਆਈ ਅਤੇ ਇਸੇ ਤਰਾਂ ਮੌਤ ਸਭਨਾਂ ਮਨੁੱਖਾਂ ਵਿੱਚ ਫੈਲਰ ਗਈ ਏਸ ਲਈ ਜੋ ਸਭਨਾਂ ਨੇ ਪਾਪ ਕੀਤਾ (ਰੋਮੀਆਂ 5:12)।*

ਸਾਰੀ ਮਨੁੱਖ ਜਾਤੀ ਪਹਿਲੇ ਮਨੁੱਖ ਆਦਮ ਦੀ ਸੰਤਾਨ ਹੈ ਇਸ ਲਈ ਜੋ ਵੀ ਉਸ ਤੋਂ ਪੈਦਾ ਹੋਇਆ ਹੈ ਉਹ ਆਦਮ ਦੇ ਪਾਪੀ ਗੁਣਾਂ ਨਾਲ ਪੈਦਾ ਹੋਇਆ ਹੈ।

ਅਸੀਂ ਆਪਣੇ ਪਾਪਮਈ ਕੰਮਾਂ ਕਰਕੇ ਪਾਪੀ ਨਹੀਂ ਹੋਏ, ਸਗੋਂ ਅਸੀਂ ਸੁਭਾਅ ਤੋਂ ਹੀ ਪਾਪੀ ਪੈਦਾ ਹੋਏ ਹਾਂ ਕਿਉਂਕਿ ਪਾਪ ਦਾ ਮੂਲ ਸੁਭਾਅ ਸਾਡੇ ਅੰਦਰ ਜਨਮ ਤੋਂ ਹੀ ਮੌਜੂਦ ਹੈ, ਅਸੀਂ ਪਾਪ ਦੇ ਫਲਾਂ (ਕਰਮਾਂ) ਨੂੰ ਪ੍ਰਗਟ ਕਰਦੇ ਹਾਂ।

## ਪਾਪ ਕੀ ਹੈ?

ਸਭ ਤੋਂ ਪਹਿਲਾਂ ਸਾਨੂੰ ਇਹ ਸਮਝਣਾ ਹੋਵੇਗਾ ਕਿ ਪਾਪ ਕੀ ਹੈ? ਪਾਪ ਪਰਮੇਸ਼ੁਰ ਦੇ ਹੁਕਮਾਂ ਦੀ ਅਣਆਗਿਆਕਾਰੀ ਹੈ। ਇਹ ਪਰਮੇਸ਼ੁਰ ਦੇ ਹੁਕਮ ਦੀ ਉਲੰਘਣਾ ਕਰਨ ਅਤੇ ਉਸ ਦੀ ਯੋਜਨਾ ਤੋਂ ਮੂੰਹ ਮੋੜਨਾ ਹੈ। ਬਾਈਬਲ ਵਿੱਚ ਲਿਖਿਆ ਹੈ ਕਿ – *ਸਭ ਨੇ ਪਾਪ ਕੀਤਾ ਹੈ ਅਤੇ ਪਰਮੇਸ਼ੁਰ ਦੇ ਪਰਤਾਪ ਤੋਂ ਰਹਿ ਗਏ ਹਨ (ਰੋਮੀਆਂ 3:23)।*

ਪਾਪ ਕਿਸੇ ਮਨੁੱਖ ਦੇ ਧਰਮ ਜਾਂ ਜਾਤ ਦੇ ਅਧਾਰ ਤੇ ਵੱਖੋ-ਵੱਖ ਨਹੀਂ ਹੁੰਦਾ। ਪਾਪ ਦੇ ਕਾਰਨ, ਮਨੁੱਖ ਦੀ ਪਰਮੇਸ਼ੁਰ ਨਾਲੋਂ ਸੰਗਤ ਖਤਮ ਹੋ ਗਈ ਅਤੇ ਜਦੋਂ ਉਹ ਪਰਮੇਸ਼ੁਰ ਤੋਂ ਦੂਰ ਹੋ ਗਿਆ ਤਾਂ ਉਹ ਉਸਦੀ ਨਜ਼ਰ ਵਿੱਚ ਪਾਪੀ ਬਣ ਗਿਆ। ਇਸਦਾ ਮਤਲਬ ਇਹ ਨਹੀਂ ਕਿ ਅਸੀਂ ਸਭ ਭੈੜੇ ਕੰਮ ਕਰਦੇ ਹਾਂ। ਅਸੀਂ ਪਾਪ ਕੀਤਾ ਹੈ, ਸਗੋਂ ਅਸੀਂ ਪਾਪੀ ਕੰਮ ਕਰਦੇ ਹਾਂ ਕਿਉਂਕਿ ਪਾਪ ਦਾ ਸੁਭਾਅ ਸਾਡੇ ਅੰਦਰ ਮੌਜੂਦ ਹੈ। ਪਹਿਲੇ ਮਨੁੱਖ ਆਦਮ ਦਾ ਪਾਪ ਸਾਨੂੰ ਇਸ ਹਾਲਤ ਵਿੱਚ ਲੈ ਆਇਆ ਸੀ।
ਬਾਈਬਲ ਲਿਖਿਆ ਹੈ ਕਿ – *ਪਾਪ ਦੀ ਮਜ਼ਦੂਰੀ ਮੌਤ ਹੈ (ਰੋਮੀਆਂ 6:23)।* ਅਸੀਂ ਦੇਖਦੇ ਹਾਂ ਕਿ ਸਾਡਾ ਜਨਮ ਪਾਪੀ ਸੁਭਾਅ ਨਾਲ ਹੋਣਾ ਸਾਡੇ ਕੀਤੇ ਹੋਏ ਕੰਮਾਂ ਦੇ ਕਾਰਨ

ਨਹੀਂ ਸਗੋਂ ਆਦਮ ਦੇ ਪਾਪ ਦੇ ਕਾਰਨ ਹੈ। ਇਸ ਲਈ ਅਸੀਂ ਆਪਣੇ ਆਪ ਦੇ ਧਾਰਮਿਕ ਕੰਮਾਂ ਦੁਆਰਾ ਆਪਣੇ ਆਪ ਨੂੰ ਮੌਤ ਤੋਂ ਜੋ ਕਿ ਪਾਪ ਦੀ ਸਜ਼ਾ ਹੈ, ਛੁਡਾ ਨਹੀਂ ਸਕਦੇ। ਅਸੀਂ ਆਪਣੇ ਪਾਪ ਦੇ ਕਾਰਨ ਪਰਮੇਸ਼ੁਰ ਦੇ ਸਾਹਮਣੇ ਦੋਸ਼ੀ ਹਾਂ ਅਤੇ ਇਸ ਲਈ ਸਜ਼ਾ ਦੇ ਹੱਕਦਾਰ ਹਾਂ। ਸਾਡਾ ਅੰਤਾਕਰਨ ਹਮੇਸ਼ਾ ਪਾਪ ਦੀ ਅਸਲੀਅਤ ਪ੍ਰਤੀ ਸਾਨੂੰ ਸੁਚੇਤ ਕਰਦਾ ਰਹਿੰਦਾ ਹੈ। ਸਜ਼ਾ ਦਾ ਡਰ ਸਾਡੇ ਮਨ ਦੀ ਸ਼ਾਂਤੀ ਖੋਹ ਲੈਂਦਾ ਹੈ। ਇਸ ਸੰਸਾਰ ਵਿੱਚ ਨਫ਼ਰਤ, ਵੈਰ, ਅਤੇ ਹਿੰਸਾ ਪਾਪ ਦਾ ਨਤੀਜਾ ਹੈ। ਅਤੇ ਪਾਪ ਦਾ ਇਨਕਾਰ ਕਰਨਾ ਵਿਅਰਥ ਹੈ।

ਇਸ ਸੰਸਾਰ ਵਿੱਚ ਵੱਖ-ਵੱਖ ਕਿਸਮਾਂ ਦੇ ਲੋਕ ਹਨ – ਧਾਰਮਿਕ ਅਤੇ ਅਧਰਮੀ, ਭਗਤ ਅਤੇ ਬੁਰਿਆਰ, ਬੁੱਧੀਮਾਨ ਅਤੇ ਮੂਰਖ, ਅਮੀਰ ਅਤੇ ਗਰੀਬ – ਪਰ ਸਾਰੇ ਪਰਮੇਸ਼ੁਰ ਦੀਆਂ ਨਜ਼ਰਾਂ ਵਿੱਚ ਇੱਕੋ ਜਿਹੇ ਪਾਪੀ ਹਨ।

## ਕੀ ਪਾਪ ਦਾ ਕੋਈ ਹੱਲ ਹੋ ਸਕਦਾ ਹੈ?

ਮਨੁੱਖ ਨੇ ਪਾਪ ਤੋਂ ਨਜਾਤ ਪਾਉਣ ਲਈ ਬਹੁਤ ਸਾਰੇ ਤਰੀਕੇ ਅਜ਼ਮਾਏ ਹਨ ਅਤੇ ਇਹ ਕੋਸ਼ਿਸ਼ ਅਜੇ ਵੀ ਜਾਰੀ ਹੈ ਪਰ ਹੁਣ ਤੱਕ ਉਹ ਅਸਫਲ ਰਿਹਾ ਹੈ। ਪਾਪ ਨੇ ਸਾਡੀ ਸੋਚ, ਬੋਲ-ਚਾਲ ਅਤੇ ਕਰਮ ਆਦਿ ਨੂੰ ਕਾਬੂ ਕਰ ਲਿਆ ਹੈ। ਕਈ ਲੋਕ ਅਕਸਰ ਦ੍ਰਿੜ ਨਿਸ਼ਚੇ ਕਰ ਲੈਂਦੇ ਹਨ ਕਿ ਅਸੀਂ ਹੁਣ ਅੱਗੇ ਤੋਂ ਪਾਪ ਨਹੀਂ ਕਰਾਂਗੇ। ਪਰ ਫਿਰ ਵੀ, ਵਾਰ-ਵਾਰ ਉਹ ਹਮੇਸ਼ਾ ਹਾਰਦੇ ਹਨ। ਸਾਡੀ ਨੇਕੀ ਜਾਂ ਚੰਗੇ ਕੰਮ ਇਸ ਪਾਪ ਨੂੰ ਧੋ ਨਹੀਂ ਸਕਦੇ।

ਕੀ ਇਸ ਵੱਡੀ ਸਮੱਸਿਆ ਦਾ ਕੋਈ ਹੱਲ ਹੈ? ਹਾਂ, ਸੰਸਾਰ ਦਾ ਮੁਕਤੀਦਾਤਾ, ਯਿਸੂ ਮਸੀਹ, ਇਸ ਪਾਪ ਦਾ ਹੱਲ ਹੈ। ਪਰ ਹੁਣ ਸ਼ਰਾ ਤੋਂ ਬਿਨਾਂ ਪਰਮੇਸ਼ੁਰ ਦੀ ਧਾਰਮਿਕਤਾ ਪ੍ਰਗਟ ਹੋਈ ਹੈ.... *ਅਰਥਾਤ ਪਰਮੇਸ਼ੁਰ ਦਾ ਉਹ ਧਰਮ ਜਿਹੜਾ ਯਿਸੂ ਮਸੀਹ ਉੱਤੇ ਨਿਹਚਾ ਕਰਨ ਤੋਂ ਪਾਈਦਾ ਹੈ। (ਰੋਮੀਆਂ 3; 21,22)।* 'ਪਰ

ਹੁਣ' ਇਸ ਵਾਕ ਦਾ ਕੀ ਅਰਥ ਹੈ – 'ਸਲੀਬ 'ਤੇ ਮਸੀਹ ਦੀ ਮੌਤ ਅਤੇ ਉਸਦੇ ਮੁਰਦੀਆਂ ਵਿਚੋਂ ਜੀ ਉੱਠਣ ਤੋਂ ਬਾਅਦ' – ਪਰ ਉਸ ਸਮੇਂ ਤੋਂ ਪਹਿਲਾਂ ਪਰਮੇਸ਼ੁਰ ਨੇ ਮਨੁੱਖ ਨੂੰ ਆਪਣੇ ਯਤਨਾਂ ਦੁਆਰਾ ਮੁਕਤੀ ਪ੍ਰਾਪਤ ਕਰਨ ਦਾ ਮੌਕਾ ਦਿੱਤਾ ਸੀ ਪਰ ਮਨੁੱਖ ਇਸ ਵਿੱਚ ਅਸਫਲ ਰਿਹਾ।

ਪਰਮੇਸ਼ੁਰ ਦੀ ਧਾਰਮਿਕਤਾ, ਉਸ ਦੇ ਗੁਣਾਂ (ਸਮਰੱਥਾ, ਪਵਿੱਤਰਤਾ, ਸਰਬ-ਗਿਆਨ, ਆਦਿ) ਦਾ ਨਿਚੋੜ ਹੈ। ਜਿਹੜੇ ਮਨੁੱਖ ਸਚਿਆਈ ਨੂੰ ਕੁਧਰਮ ਨਾਲ ਦਬਾਈ ਰੱਖਦੇ ਹਨ ਉਨ੍ਹਾਂ ਦੀ ਸਾਰੀ ਬੇਦੀਨੀ ਅਤੇ ਕੁਧਰਮ ਉੱਤੇ ਪਰਮੇਸ਼ੁਰ ਦਾ ਕ੍ਰੋਧ ਤਾਂ ਅਕਾਸ਼ੋਂ ਪਰਗਟ ਹੋਇਆ (ਰੋਮੀਆਂ 1; 18)। ਪਰਮੇਸ਼ੁਰ ਦਾ ਕ੍ਰੋਧ ਵੀ ਉਸ ਦਾ ਇੱਕ ਗੁਣ ਹੈ ਜੋ ਉਸਦੀ ਪਵਿੱਤਰਤਾ ਦੇ ਵਿਰੋਧ ਵਿੱਚ ਚੱਲਣ ਵਾਲੇ ਲੋਕਾਂ ਉੱਤੇ ਹੈ।

## ਮੁਕਤੀ ਦਾ ਰਾਹ

ਯਿਸੂ ਮਸੀਹ ਇਸ ਸੰਸਾਰ ਵਿੱਚ ਮਨੁੱਖ ਦੇ ਪਾਪ ਨੂੰ ਨਿਆਉਂ ਦੁਆਰਾ ਹਟਾਉਣ ਅਤੇ ਉਸਦੇ ਦੁਆਰਾ ਪਰਮੇਸ਼ੁਰ ਦੇ ਪਿਆਰ ਅਤੇ ਦਇਆ ਨੂੰ ਪ੍ਰਗਟ ਕਰਨ ਲਈ ਆਇਆ ਸੀ। ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਕਿ ਪਾਪ ਪਹਿਲੇ ਮਨੁੱਖ ਆਦਮ ਰਾਹੀਂ ਇਸ ਸੰਸਾਰ ਵਿੱਚ ਆਇਆ ਸੀ। ਇਸੇ ਤਰ੍ਹਾਂ ਸਾਰੇ ਮਨੁੱਖਾਂ ਲਈ ਪਾਪ ਤੋਂ ਮੁਕਤੀ ਵੀ ਇੱਕ ਮਨੁੱਖ ਅਰਥਾਤ ਯਿਸੂ ਮਸੀਹ ਦੁਆਰਾ ਪ੍ਰਾਪਤ ਹੁੰਦੀ ਹੈ। ਜਿਵੇਂ ਅਸੀਂ ਆਪਣੇ ਕੰਮਾਂ ਦੁਆਰਾ ਪਾਪੀ ਨਹੀਂ ਬਣਦੇ, ਉਸੇ ਤਰ੍ਹਾਂ ਪਰਮੇਸ਼ੁਰ ਸਾਨੂੰ ਸਾਡੇ ਚੰਗੇ ਕੰਮਾਂ ਦੁਆਰਾ ਪਾਪ ਤੋਂ ਨਹੀਂ ਬਚਾਏਗਾ। *ਕਿਉਂਕਿ ਜਿਵੇਂ ਉਸ ਇੱਕ ਮਨੁੱਖ ਦੀ ਅਣਆਗਿਆਕਾਰੀ ਦੇ ਕਾਰਨ ਬਹੁਤ ਲੋਕ ਪਾਪੀ ਠਹਿਰਾਏ ਗਏ ਤਿਵੇਂ ਹੀ ਇਸ ਇੱਕ ਦੀ ਆਗਿਆਕਾਰੀ ਦੇ ਕਾਰਨ ਹੀ ਬਹੁਤ ਧਰਮੀ ਠਹਿਰਾਏ ਜਾਣਗੇ ( ਰੋਮੀਆਂ 5:19) ।* ਭਾਵੇਂ ਅਸੀਂ ਆਦਮ ਦੀ ਅਣਆਗਿਆਕਾਰੀ ਕਰਕੇ ਪਾਪੀ ਬਣ ਗਏ ਸਾਂ,

ਇਸਦੇ ਬਾਵਜੂਦ, ਮਸੀਹ ਦੀ ਆਗਿਆਕਾਰੀ ਦੇ ਕਾਰਨ ਅਸੀਂ ਧਰਮੀ ਵੀ ਠਹਿਰਾਏ ਜਾਂਦੇ ਹਾਂ।

# ਮੁਕਤੀ ਨੂੰ ਕਿਵੇਂ ਪ੍ਰਾਪਤ ਕੀਤਾ ਜਾ ਸਕਦਾ ਹੈ

ਇੱਕ ਮਨੁੱਖ ਨਿਹਚਾ ਦੁਆਰਾ ਮੁਕਤੀ ਪ੍ਰਾਪਤ ਕਰ ਸਕਦਾ ਹੈ। *ਉਨ੍ਹਾਂ ਆਖਿਆ, ਪ੍ਰਭੁ ਯਿਸੂ ਉੱਤੇ ਨਿਹਚਾ ਕਰ ਤਾਂ ਤੂੰ ਅਤੇ ਤੇਰਾ ਘਰਾਣਾ ਬਚਾਏ ਜਾਓਗੇ (ਰਸੂਲਾਂ ਦੇ ਕਰਤੱਬ 16:31)।* ਜਦੋਂ ਅਸੀਂ ਪਰਮੇਸ਼ੁਰ ਦੇ ਵਚਨ ਉੱਤੇ ਵਿਸ਼ਵਾਸ ਕਰਦੇ ਹਾਂ, ਤਾਂ ਇਹ ਸਮਝ ਆਉਂਦਾ ਹਾਂ ਕਿ ਅਸੀਂ ਆਦਮ ਦੇ ਪਾਪ ਦੇ ਕਾਰਨ ਪਾਪੀ ਹੋ ਗਏ ਸੀ ਅਤੇ ਨਾਲੇ ਪਰਮੇਸ਼ੁਰ ਦਾ ਵਚਨ (ਬਾਈਬਲ) ਸਾਨੂੰ ਇਹ ਵੀ ਦੱਸਦਾ ਹੈ ਕਿ ਅਸੀਂ ਮੁਕਤੀ ਕਿਵੇਂ ਪ੍ਰਾਪਤ ਕਰ ਸਕਦੇ ਹਾਂ। ਪਰਮੇਸ਼ੁਰ ਦਾ ਇਹ ਹੁਕਮ ਹੈ – ਮੁਕਤੀ ਲਈ ਪ੍ਰਭੂ ਯਿਸੂ ਮਸੀਹ ਉੱਤੇ ਨਿਹਚਾ ਕਰੋ। 1 ਯੂਹੰਨਾ 3:23 ਵਿੱਚ ਅਸੀਂ ਪੜ੍ਹਦੇ ਹਾਂ – *ਉਹ ਦਾ ਹੁਕਮ ਇਹ ਹੈ ਭਈ ਅਸੀਂ ਉਹਦੇ ਪੁੱਤ੍ਰ ਯਿਸੂ ਮਸੀਹ ਦੇ ਨਾਮ ਉੱਤੇ ਨਿਹਚਾ ਕਰੀਏ ਅਤੇ ਇੱਕ ਦੂਏ ਨਾਲ ਪ੍ਰੇਮ ਰੱਖੀਏ ਜਿਵੇਂ ਉਹ ਨੇ ਸਾਨੂੰ ਹੁਕਮ ਕੀਤਾ ਸੀ।* ਅਤੇ ਰੋਮੀਆਂ 3:24 ਵਿੱਚ – *ਸੋ ਉਹ ਦੀ ਕਿਰਪਾ ਨਾਲ ਉਸ ਨਿਸਤਾਰੇ ਦੇ ਕਾਰਨ ਜੋ ਮਸੀਹ ਯਿਸੂ ਤੋਂ ਹੁੰਦਾ ਹੈ ਓਹ ਮੁਖ਼ਤ ਧਰਮੀ ਗਿਣੇ ਜਾਂਦੇ ਹਨ।*

# ਮੁਕਤੀ ਨਿਹਚਾ ਦੁਆਰਾ ਹੈ

ਅਸੀਂ ਆਪਣੇ ਕੰਮਾਂ ਦੁਆਰਾ ਨਹੀਂ, ਪਰ ਵਿਸ਼ਵਾਸ ਦੁਆਰਾ ਹੀ ਮੁਕਤੀ ਪਾ ਸਕਦੇ ਹਾਂ। ਜਦੋਂ ਕੋਈ ਮਨੁੱਖ ਇਹ ਵਿਸ਼ਵਾਸ ਕਰਦਾ ਹੈ, ਕਿ ਮਸੀਹ ਉਸਦੇ ਪਾਪਾਂ ਲਈ ਮਰਿਆ, ਤਾਂ ਉਹ ਮਸੀਹ ਦੀ ਕੁਰਬਾਨੀ ਵਾਲੀ ਮੌਤ ਦੁਆਰਾ ਪਾਪਾਂ ਤੋਂ ਛੁਟਕਾਰਾ ਪਾਉਂਦਾ ਹੈ। ਅਸੀਂ ਸ਼ਾਇਦ ਇਹ ਸਵਾਲ ਉਠਾਵਾਂਗੇ, ਕੀ ਵਿਸ਼ਵਾਸ ਕਰਨਾ ਵੀ ਇੱਕ ਕੰਮ ਨਹੀਂ ਹੈ? 'ਨਿਹਚਾ ਕਰਨ' ਦਾ ਅਰਥ ਇਸ ਤਰ੍ਹਾਂ ਹੈ ਕਿ ਜਿਵੇਂ ਅਸੀਂ ਆਪਣੇ

ਹੱਥ ਵਧਾਕੇ ਕਿਸੇ ਤੋਂ ਤੋਹਫ਼ਾ ਸਵੀਕਾਰ ਕਰਦੇ ਹਾਂ। ਮੁਕਤੀ ਪਰਮੇਸ਼ੁਰ ਦੀ ਦਾਤ ਹੈ। ਸਾਨੂੰ ਸਿਰਫ਼ ਨਿਹਚਾ ਰੂਪੀ ਹੱਥਾਂ ਨਾਲ ਇਸ ਨੂੰ ਸਵੀਕਾਰ ਕਰਨਾ ਪਵੇਗਾ। ਵਿਸ਼ਵਾਸ ਮੁਕਤੀ ਪੈਦਾ ਨਹੀਂ ਕਰਦਾ ਸਗੋਂ ਮੁਕਤੀ ਪ੍ਰਾਪਤ ਕਰਨ ਦਾ ਸਾਧਨ ਹੈ। *ਕਿਉਂ ਜੋ ਤੁਸੀਂ ਕਿਰਪਾ ਤੋਂ ਨਿਹਚਾ ਦੇ ਰਾਹੀਂ ਬਚਾਏ ਗਏ ਅਤੇ ਇਹ ਤੁਹਾਡੀ ਵੱਲੋਂ ਨਹੀਂ, ਇਹ ਪਰਮੇਸ਼ੁਰ ਦੀ ਬਖ਼ਸ਼ੀਸ਼ ਹੈ (ਅਫ਼ਸੀਆਂ 2:8,9)*।

## ਮੁਕਤੀ ਪਰਮੇਸ਼ੁਰ ਦੀ ਕਿਰਪਾ ਨਾਲ ਹੈ

ਪਰਮੇਸ਼ੁਰ ਸਾਨੂੰ ਸਾਡੀ ਕਿਸੇ ਯੋਗਤਾ ਦੇ ਕਾਰਨ ਨਹੀਂ ਬਚਾਉਂਦਾ। ਦੂਜੇ ਸ਼ਬਦਾਂ ਵਿਚ, ਅਸੀਂ ਮੁਕਤੀ ਦੇ ਯੋਗ ਨਹੀਂ ਹਾਂ। ਪਾਪੀ ਹੋਣ ਕਰਕੇ, ਅਸੀਂ ਸਜ਼ਾ ਦੇ ਹੱਕਦਾਰ ਹਾਂ ਪਰ ਪਰਮੇਸ਼ੁਰ ਨੇ ਆਪਣੀ ਕਿਰਪਾ ਨਾਲ ਸਾਡੇ ਲਈ ਮੁਕਤੀ ਦਾ ਰਸਤਾ ਤਿਆਰ ਕੀਤਾ ਹੈ। ਕਿਰਪਾ ਦੀ ਪਰਿਭਾਸ਼ਾ – "ਦਯਾ" ਹੈ। *ਕਿਉਂ ਜੋ ਪਰਮੇਸ਼ੁਰ ਦੀ ਕਿਰਪਾ ਸਭਨਾਂ ਮਨੁੱਖਾਂ ਦੀ ਮੁਕਤੀ ਲਈ ਪਰਗਟ ਹੋਈ (ਤੀਤੁਸ 2:11)। ਤਾਂ ਉਸ ਨੇ ਉਨ੍ਹਾਂ ਦੇ ਧਰਮ ਦੇ ਕਰਮਾਂ ਕਰਕੇ ਨਹੀਂ ਜੋ ਅਸਾਂ ਕੀਤੇ ਸਗੋਂ ਆਪਣੇ ਰਹਿਮ ਦੇ ਅਨੁਸਾਰ ਨਵੇਂ ਜਨਮ ਦੇ ਅਸ਼ਨਾਨ ਅਤੇ ਪਵਿੱਤਰ ਆਤਮਾ ਦੇ ਨਵੇਂ ਬਣਾਉਣ ਦੇ ਵਸੀਲੇ ਨਾਲ ਸਾਨੂੰ ਬਚਾਇਆ (ਤੀਤੁਸ 3:5)।*

## ਮੁਕਤੀ ਮਸੀਹ ਵਿੱਚ ਅਤੇ ਕੇਵਲ ਮਸੀਹ ਦੁਆਰਾ ਹੈ

ਲੋਕ ਪੁੱਛਦੇ ਹਨ – ਕਿਸ ਧਰਮ ਜਾਂ ਚਰਚ ਦੁਆਰਾ ਕੋਈ ਮੁਕਤੀ ਪ੍ਰਾਪਤ ਕਰ ਸਕਦਾ ਹੈ? ਕਿਸੇ ਧਰਮ ਵਿੱਚ ਕੋਈ ਮੁਕਤੀ ਨਹੀਂ ਹੈ ਅਤੇ ਨਾ ਹੀ ਕੋਈ ਧਰਮ ਕਿਸੇ ਨੂੰ ਬਚਾ ਸਕਦਾ ਹੈ। ਪਰ ਇੱਕ ਮਨੁੱਖ ਹੈ ਜੋ ਬਚਾ ਸਕਦਾ ਹੈ। ਉਹ ਹੈ ਮਸੀਹ ਯਿਸੂ, ਜੋ ਮੁਕਤੀਦਾਤਾ ਹੈ। ਮੁਕਤੀ ਮਸੀਹ ਵਿੱਚ ਹੈ ਅਤੇ ਕੇਵਲ ਮਸੀਹ ਯਿਸੂ ਵਿੱਚ

ਹੈ। ਮੁਕਤੀ ਮਸੀਹ ਅਤੇ ਈਸਾਈ ਧਰਮ ਦੁਆਰਾ ਜਾਂ ਮਸੀਹ ਅਤੇ ਚਰਚ ਦੁਆਰਾ ਨਹੀਂ, ਪਰ ਕੇਵਲ ਮਸੀਹ ਯਿਸੂ ਦੁਆਰਾ ਹੈ। *ਕਿਸੇ ਦੂਏ ਤੋਂ ਮੁਕਤੀ ਨਹੀਂ ਕਿਉਂ ਜੋ ਅਕਾਸ਼ ਦੇ ਹੇਠਾਂ ਮਨੁੱਖਾਂ ਵਿੱਚ ਕੋਈ ਦੂਜਾ ਨਾਮ ਨਹੀਂ ਦਿੱਤਾ ਗਿਆ ਜਿਸ ਤੋਂ ਅਸੀਂ ਬਚਾਏ ਜਾਣਾ ਹੈ (ਰਸੂਲਾਂ ਦੇ ਕਰਤੱਬ 4:12)।* ਮਨੁੱਖ ਦਾ ਕੋਈ ਵੀ ਰੀਤੀ ਰਿਵਾਜ, ਉਸ ਨੂੰ ਪਾਪ ਦੀ ਸਜ਼ਾ ਤੋਂ ਬਚਾ ਨਹੀਂ ਸਕਦਾ। ਬਪਤਿਸਮਾ ਲੈਣਾ ਜਾਂ ਪ੍ਰਭੂ ਭੋਜ ਵਿੱਚ ਹਿੱਸਾ ਲੈਣ ਨਾਲ ਪਾਪ ਦੀ ਸਜ਼ਾ ਤੋਂ ਮੁਕਤੀ ਨਹੀਂ ਮਿਲਦੀ। ਨੇਕ ਕੰਮਾਂ ਜਾਂ ਦਾਨ ਦੇਣ ਨਾਲ ਮੁਕਤੀ ਨਹੀਂ ਮਿਲਦੀ। ਪੁਜਾਰੀ ਜਾਂ ਸਵਰਗ ਦੂਤ ਮੁਕਤੀ ਨਹੀਂ ਦੇ ਸਕਦੇ। ਯਿਸੂ ਮਸੀਹ ਹੀ ਇੱਕੋ ਇੱਕ ਮੁਕਤੀਦਾਤਾ ਹੈ। ਸਾਰੇ ਸੰਸਾਰ ਲਈ ਕੇਵਲ ਉਹ ਹੀ ਮੁਕਤੀਦਾਤਾ ਹੈ ਅਤੇ ਹੋਰ ਕੋਈ ਨਾਮ ਨਹੀਂ ਹੈ। *ਯਿਸੂ ਨੇ ਉਹ ਨੂੰ ਆਖਿਆ, ਰਾਹ ਅਤੇ ਸਚਿਆਈ ਅਤੇ ਜੀਉਣ ਮੈਂ ਹਾਂ। ਕੋਈ ਮੇਰੇ ਵਸੀਲੇ ਬਿਨਾ ਪਿਤਾ ਦੇ ਕੋਲ ਨਹੀਂ ਆਉਂਦਾ (ਯੂਹੰਨਾ 14:6)।*

# ਮੁਕਤੀ ਦੇ ਤੱਤ

## 1. ਤੋਬਾ ਜਾਂ ਮਨ ਫਿਰਾਉਣਾ

ਪਸ਼ਚਾਤਾਪ ਦਾ ਮਤਲਬ ਸਿਰਫ਼ ਪਛਤਾਵਾ ਕਰਨਾ ਹੀ ਨਹੀਂ ਹੈ, ਸਗੋਂ ਪਛਤਾਵਾ ਕਰਨ ਦੇ ਨਾਲ-ਨਾਲ ‘ਮੁੜਨਾ’ ਵੀ ਹੈ। ਇਹ ਪਾਪ ਤੋਂ ਦੂਰ ਹੋ ਕੇ ਪਰਮੇਸ਼ੁਰ ਵੱਲ ਮੁੜਨਾ ਹੈ। ਸੱਚਾਈ ਨਾਲ ਤੋਬਾ ਜਾਂ ਮਨ ਫਿਰਾਉਣਾ ਚਾਹੀਦਾ ਹੈ, ਨਾ ਕਿ ਧਰਮ ਬਦਲਣ ਜਾਂ ਚਰਚ ਬਦਲਣ ਦੀ ਲੋੜ ਹੈ। ਇਸ ਲਈ, *ਪਰਮੇਸ਼ੁਰ ਨੇ ਅਣਜਾਣਪੁਣੇ ਦੇ ਸਮਿਆਂ ਵੱਲੋਂ ਅੱਖੀਆਂ ਫੇਰ ਲਈਆਂ ਸਨ ਪਰ ਹੁਣ ਮਨੁੱਖਾਂ ਨੂੰ ਹੁਕਮ ਦਿੰਦਾ ਹੈ ਜੋ ਓਹ ਸਭ ਹਰੇਕ ਥਾਂ ਤੋਬਾ ਕਰਨ (ਰਸੂਲਾਂ ਦੇ ਕਰਤੱਬ 17:30)।* ਮੁਕਤੀ ਪ੍ਰਾਪਤ ਕਰਨ ਲਈ ਪਰਮੇਸ਼ੁਰ ਵੱਲ ਮੁੜਨਾ ਅਤੇ ਮਸੀਹ ਯਿਸੂ ਉੱਤੇ ਵਿਸ਼ਵਾਸ ਹੋਣਾ ਚਾਹੀਦਾ ਹੈ (ਰਸੂਲਾਂ ਦੇ ਕਰਤੱਬ 20:21)। ਤੋਬਾ ਕਰਨ ਦੀ ਪ੍ਰਕਿਰਿਆ ਵਿੱਚ ਪਾਪਾਂ

ਦਾ ਇਕਬਾਲ ਕਰਨਾ ਅਤੇ ਨਫ਼ਰਤ ਕਰਨਾ ਸ਼ਾਮਲ ਹੈ। ਮਿਸਾਲ ਲਈ, ਯਹੂਦਾ ਇਸਕਰਿਯੋਤੀ ਨੇ ਆਪਣੇ ਪਾਪ ਦਾ ਇਕਬਾਲ ਕੀਤਾ ਪਰ ਤੋਬਾ ਨਹੀਂ ਕੀਤੀ, ਪਰ ਪਤਰਸ ਨੇ ਨਾ ਸਿਰਫ਼ ਆਪਣੀ ਗਲਤੀ ਨੂੰ ਕਬੂਲ ਕੀਤਾ, ਸਗੋਂ ਤੋਬਾ ਵੀ ਕੀਤੀ। ਜੇਲ੍ਹਰ ਨੇ ਪੌਲੁਸ ਨੂੰ ਪੁੱਛਿਆ – ਮੈਂ ਕੀ ਕਰਾਂ ਜਿਸ ਤੋਂ ਬਚਾਇਆ ਜਾਵਾਂ? (ਰਸੂਲਾਂ ਦੇ ਕਰਤੱਬ 16:30,31) ਪੌਲੁਸ ਜੇਲ੍ਹਰ ਨੂੰ ਉਸ ਦੇ ਤੋਬਾ ਬਾਰੇ ਕੁਝ ਨਹੀਂ ਪੁੱਛਦਾ ਕਿਉਂਕਿ ਉਸ ਦਾ ਸਵਾਲ ਖੁਦ ਤੋਬਾ ਦਾ ਨਤੀਜਾ ਸੀ।

## 2. ਪਾਪ ਤੋਂ ਆਜ਼ਾਦੀ

ਮੁਕਤੀ ਪ੍ਰਾਪਤ ਕਰਨ ਤੋਂ ਬਾਅਦ, ਸਭ ਤੋਂ ਪਹਿਲਾਂ ਅਸੀਂ ਪਾਪ ਤੋਂ ਛੁਟਕਾਰੇ ਦੀ ਖੁਸ਼ੀ ਮਹਿਸੂਸ ਕਰਦੇ ਹਾਂ। ਪਵਿੱਤਰ ਆਤਮਾ ਸਾਨੂੰ ਚਿਤਾਰਦਾ ਹੈ ਕਿ ਅਸੀਂ ਪਾਪੀ ਹੋਣ ਦੇ ਨਾਤੇ ਪਾਪ ਦੀ ਸਜ਼ਾ ਦੇ ਹੱਕਦਾਰ ਹਾਂ। ਪਰ ਇਸ ਆਜ਼ਾਦੀ ਦਾ ਮੂਲ ਕਾਰਨ ਇਹ ਹੈ ਕਿ ਮਸੀਹ ਯਿਸੂ ਉੱਤੇ ਸਾਡੀ ਨਿਹਚਾ ਦੁਆਰਾ ਅਸੀਂ ਉਸ ਸਜ਼ਾ ਤੋਂ ਮੁਕਤ ਹੋਏ ਹਾਂ। ਲੂਕਾ 7:48 ਵਿੱਚ ਸਾਡੇ ਪ੍ਰਭੂ ਯਿਸੂ ਮਸੀਹ ਨੇ ਸਾਮਰੀ ਔਰਤ ਨੂੰ ਕਿਹਾ – ਤੇਰਾ ਪਾਪ ਮਾਫ਼ ਕੀਤਾ ਗਿਆ ਹੈ। *ਕਿਉਂ ਜੋ ਤੁਸੀਂ ਕਿਰਪਾ ਤੋਂ ਨਿਹਚਾ ਦੇ ਰਾਹੀਂ ਬਚਾਏ ਗਏ ਅਤੇ ਇਹ ਤੁਹਾਡੀ ਵੱਲੋਂ ਨਹੀਂ, ਇਹ ਪਰਮੇਸ਼ੁਰ ਦੀ ਬਖ਼ਸ਼ੀਸ਼ ਹੈ (ਅਫ਼ਸੀਆਂ 2:8)।* ਜਦੋਂ ਕੋਈ ਮਨੁੱਖ ਮਸੀਹ ਵਿੱਚ ਵਿਸ਼ਵਾਸ ਕਰਦਾ ਹੈ ਤਾਂ ਉਸਨੂੰ ਉਸਦੇ ਪਾਪਾਂ ਦੀ ਮਾਫ਼ੀ ਮਿਲ ਜਾਂਦੀ ਹੈ... *ਜੋ ਕੋਈ ਉਹ ਦੇ ਉੱਤੇ ਨਿਹਚਾ ਕਰੇ ਸੋ ਉਹ ਦੇ ਨਾਮ ਕਰਕੇ ਪਾਪਾਂ ਦੀ ਮਾਫ਼ੀ ਪਾਵੇਗਾ (ਰਸੂਲਾਂ ਦੇ ਕਰਤੱਬ 10:43)।*

## 3. ਧਰਮੀ ਠਹਿਰਾਇਆ ਜਾਣਾ

ਧਰਮੀ ਠਹਿਰਾਉਣ ਨਾਲ ਇੱਕ ਮਨੁੱਖ ਧਰਮੀ ਨਹੀਂ ਬਣ ਜਾਂਦਾ, ਇਹ ਸਿਰਫ਼ ਇੱਕ ਘੋਸ਼ਣਾ ਹੈ ਕਿ ਉਹ ਪਾਪ ਤੋਂ ਰਹਿਤ ਅਤੇ ਨਿਰਦੋਸ਼ ਹੈ। ਇਹ ਸਜ਼ਾ ਤੋਂ ਛੁਟਕਾਰਾ ਹੈ।

*ਪਰਮੇਸ਼ੁਰ ਦੇ ਚੁਣਿਆਂ ਹੋਇਆਂ ਦੇ ਉੱਤੇ ਕੌਣ ਦਾਵਾ ਕਰੇਗਾ? ਪਰਮੇਸ਼ੁਰ ਹੀ ਹੈ ਜਿਹੜਾ ਧਰਮੀ ਠਹਿਰਾਉਂਦਾ ਹੈ (ਰੋਮੀਆਂ 8:33)।* ਸੰਖੇਪ ਵਿੱਚ, ਧਰਮੀ ਠਹਿਰਾਉਣ ਦਾ ਅਰਥ ਹੈ ਹਕੂਮਤ ਦੁਆਰਾ ਸਜ਼ਾ ਦੀ ਆਗਿਆ ਨੂੰ ਰੱਦ ਕਰਨਾ।

ਕਿਸ ਨੂੰ ਧਰਮੀ ਠਹਿਰਾਇਆ ਜਾਂਦਾ ਹੈ? ਪੌਲੁਸ ਰੋਮੀਆਂ ਦੀ ਪੱਤਰੀ ਵਿਚ ਲਿਖਦਾ ਹੈ ਕਿ ... ਜਦੋਂ ਇੱਕ ਪਾਪੀ ਮਨੁੱਖ ਯਿਸੂ ਮਸੀਹ ਵਿਚ ਨਿਹਚਾ ਕਰਦਾ ਹੈ ਜੋ ਕੁਧਰਮੀ ਨੂੰ ਧਰਮੀ ਠਹਿਰਾਉਂਦਾ ਹੈ, ਉਸ ਦਾ ਵਿਸ਼ਵਾਸ ਉਸ ਲਈ ਧਾਰਮਿਕਤਾ ਗਿਣਿਆ ਜਾਂਦਾ ਹੈ। ਪ੍ਰਭੂ ਇਸ ਸੱਚਾਈ ਨੂੰ ਲੂਕਾ 18:10-14 ਵਿੱਚ ਚੁੰਗੀ ਲੈਣ ਵਾਲੇ ਅਤੇ ਫ਼ਰੀਸੀ ਦੇ ਦ੍ਰਿਸ਼ਟਾਂਤ ਦੁਆਰਾ ਸਮਝਾਉਂਦਾ ਹੈ। ਇਥੇ ਫ਼ਰੀਸੀ ਆਪਣੇ ਆਪ ਨੂੰ ਧਰਮੀ ਠਹਿਰਾਉਣ ਦੀ ਕੋਸ਼ਿਸ਼ ਕਰਦਾ ਹੈ ਜਦੋਂ ਕਿ ਮਸੂਲੀਆ, ਪਾਪ ਦੇ ਬੋਝ ਨਾਲ, ਆਪਣੀ ਛਾਤੀ ਪਿੱਟਦਾ ਅਤੇ ਕਹਿੰਦਾ ਹੈ – 'ਹੇ ਪਰਮੇਸ਼ੁਰ, ਮੇਰੇ ਪਾਪੀ ਉੱਤੇ ਦਯਾ ਕਰ' ਅਤੇ ਉਹ ਪਰਮੇਸ਼ੁਰ ਅੱਗੇ ਧਰਮੀ ਠਹਿਰ ਕੇ ਆਪਣੇ ਘਰ ਗਿਆ। ਧਰਮੀ ਠਹਿਰਾਇਆ ਜਾਣਾਂ ਪਾਪਾਂ ਦੀ ਮਾਫ਼ੀ ਤੋਂ ਇੱਕ ਕਦਮ ਅੱਗੇ ਹੈ। ਇਹ ਪਰਮੇਸ਼ੁਰ ਦਾ ਉਹ ਕੰਮ ਹੈ ਜਿਸ ਵਿੱਚ ਪਰਮੇਸ਼ੁਰ ਇੱਕ ਗੁਨਾਹਗਾਰ ਨੂੰ ਬੇਗੁਨਾਹ ਮਸੀਹ ਯਿਸੂ ਉੱਤੇ ਨਿਹਚਾ ਕਰਨ ਦੁਆਰਾ ਕਬੂਲ ਕਰ ਲੈਂਦਾ ਹੈ।

## 'ਧਰਮੀ ਠਹਿਰਾਉਣ' ਅਤੇ 'ਪਾਪਾਂ ਦੀ ਮਾਫ਼ੀ' ਵਿਚ ਅੰਤਰ

ਪਾਪ ਦੀ ਮਾਫ਼ੀ, ਪਾਪ ਦੀ ਸਜ਼ਾ ਤੋਂ ਛੁਟਕਾਰਾ ਹੈ। ਦੂਜੇ ਸ਼ਬਦਾਂ ਵਿੱਚ ਇਸ ਦਾ ਅਰਥ, ਪਾਪਮਈ ਕੰਮਾਂ ਦੀ ਸਜ਼ਾ ਨੂੰ ਰੱਦ ਕਰਨਾ ਹੈ। ਪਰ ਧਰਮੀ ਠਹਿਰਾਉਣ ਦਾ ਮਤਲਬ ਇਹ ਘੋਸ਼ਣਾ ਕਰਨਾ ਹੈ ਕਿ ਉਹ ਮਨੁੱਖ ਪਾਪ ਮੁਕਤ ਅਤੇ ਧਰਮੀ ਹੈ।

ਪਰਮੇਸ਼ੁਰ ਨੇ ਨਾ ਸਿਰਫ਼ ਪਾਪ ਮਾਫ਼ ਕੀਤੇ ਹਨ, ਸਗੋਂ ਉਨ੍ਹਾਂ ਨੂੰ ਧਰਮੀ ਵੀ ਠਹਿਰਾਇਆ ਹੈ ਜੋ ਮਸੀਹ ਯਿਸੂ ਦੇ ਰਾਹੀਂ ਉਸ ਉੱਤੇ ਨਿਹਚਾ ਕਰਦੇ ਹਨ। ਪੁਰਾਣੇ ਨੇਮ ਵਿੱਚ ਸੁਲੇਮਾਨ ਦੀ ਪ੍ਰਾਰਥਨਾ 1 ਰਾਜਿਆਂ 8:32 ਵਿੱਚ ਪੜ੍ਹਦੇ ਹਾਂ – '*ਪਰਮੇਸ਼ੁਰ*

*ਬੁਰਿਆਰ ਨੂੰ ਦੋਸ਼ੀ ਅਤੇ ਧਰਮੀ ਨੂੰ ਧਰਮੀ ਠਹਿਰਾਵੇਗਾ* ' ਪਰ ਨਵੇਂ ਨੇਮ ਵਿੱਚ ਪਰਮੇਸ਼ੁਰ ਇੱਕ ਦੋਸ਼ੀ ਨੂੰ ਨਿਰਦੋਸ਼ ਠਹਿਰਾਉਂਦਾ ਹੈ।

ਕਿਰਪਾ ਦੁਆਰਾ ਧਾਰਮਿਕਤਾ (ਰੋਮੀਆਂ 3:24)

ਮਸੀਹ ਦੇ ਲਹੂ ਦੁਆਰਾ ਧਾਰਮਿਕਤਾ (ਰੋਮੀਆਂ 5:9) ਅਤੇ

ਨਿਹਚਾ ਦੁਆਰਾ ਧਾਰਮਿਕਤਾ (ਰੋਮੀਆਂ 6:28)

ਧਾਰਮਿਕਤਾ ਦਾ ਸਰੋਤ ਪਰਮੇਸ਼ੁਰ ਦੀ ਕਿਰਪਾ ਹੈ ਅਤੇ ਇਹ ਮਸੀਹ ਦੇ ਲਹੂ ਦੁਆਰਾ ਸੰਭਵ ਹੋਇਆ ਹੈ। ਅਸੀਂ ਇਸ ਨੂੰ ਆਪਣੀ ਨਿਹਚਾ ਦੁਆਰਾ ਪ੍ਰਾਪਤ ਕਰ ਸਕਦੇ ਹਾਂ।

# ਮੁਕਤੀ ਦਾ ਭਰੋਸਾ

ਹਰ ਮਨੁੱਖ ਲਈ ਆਪਣੇ ਧਰਤੀ ਦੇ ਜੀਵਨ ਸਮੇਂ ਦੌਰਾਨ ਪਾਪਾਂ ਤੋਂ ਮੁਕਤੀ ਪ੍ਰਾਪਤ ਕਰਨਾ ਜ਼ਰੂਰੀ ਹੈ। ਬਾਈਬਲ ਸਾਨੂੰ ਇਹ ਉਮੀਦ ਨਹੀਂ ਦਿੰਦੀ ਕਿ ਅਸੀਂ ਮੌਤ ਤੋਂ ਬਾਅਦ ਵੀ ਮੁਕਤੀ ਪ੍ਰਾਪਤ ਕਰ ਸਕਦੇ ਹਾਂ। ਇਹ ਅਸੰਭਵ ਹੈ, ਅਤੇ ਨਾ ਹੀ ਬਾਈਬਲ ਮੌਤ ਤੋਂ ਬਾਅਦ ਬਚਾਏ ਜਾਣ ਵਾਲਿਆਂ ਦਾ ਕੋਈ ਜ਼ਿਕਰ ਕਰਦੀ ਹੈ। ਜੀਉਂਦੇ ਜੀ ਮਨੁੱਖ ਨਾ ਸਿਰਫ਼ ਮੁਕਤੀ ਪ੍ਰਾਪਤ ਕਰ ਸਕਦਾ ਹੈ, ਸਗੋਂ ਉਸ ਭਰੋਸੇ ਵਿੱਚ ਆਪਣਾ ਜੀਵਨ ਵੀ ਬਤੀਤ ਕਰ ਸਕਦਾ ਹੈ। ਇਸ ਆਤਮ-ਵਿਸ਼ਵਾਸ ਨੂੰ ਹੀ ਮੁਕਤੀ ਦੀ ਨਿਸ਼ਚਿਤਤਾ ਕਿਹਾ ਜਾਂਦਾ ਹੈ। ਜਦੋਂ ਕਿ ਕੁਝ ਲੋਕ ਆਪਣੀ ਮੁਕਤੀ ਦੀ ਨਿਸ਼ਚਿਤਤਾ 'ਤੇ ਸ਼ੱਕ ਕਰਦੇ ਹਨ, ਪਰ ਦੂਜੇ ਉਹ ਹਨ ਜੋ ਆਤਮ-ਵਿਸ਼ਵਾਸ ਨਾਲ ਮਾਣ ਵੀ ਕਰਦੇ ਹਨ।

ਪ੍ਰਭੂ ਕਹਿੰਦਾ ਹੈ, " ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਕਿ ਜੋ ਮੇਰਾ ਬਚਨ ਸੁਣਦਾ ਅਤੇ ਉਹ ਦੀ ਪਰਤੀਤ ਕਰਦਾ ਹੈ ਜਿਨ੍ਹ ਮੈਨੂੰ ਘੱਲਿਆ ਸਦੀਪਕ ਜੀਉਣ ਉਹ ਦਾ ਹੈ ਅਰ ਉਸ ਉੱਤੇ ਸਜ਼ਾ ਦਾ ਹੁਕਮ ਨਹੀਂ ਹੁੰਦਾ ਸਗੋਂ ਮੌਤ ਤੋਂ ਪਾਰ ਲੰਘ ਕੇ ਉਹ ਜੀਉਣ ਵਿੱਚ ਜਾ ਪਹੁੰਚਿਆ ਹੈ। ਇਹ ਦਾ ਮਤਲਬ ਸਪੱਸ਼ਟ ਹੈ ਕਿ ਇੱਕ ਮਨੁੱਖ ਮੌਤ ਦੀ ਅਵਸਥਾ ਤੋਂ ਜੀਵਨ ਦੀ ਅਵਸਥਾ ਵਿੱਚ ਪਰਿਵਰਤਨ ਦਾ ਅਨੁਭਵ ਕਰਦਾ ਹੈ।

ਪੌਲੁਸ ਲਿਖਦਾ ਹੈ, *"ਉਹ ਨੇ ਤੁਹਾਨੂੰ ਵੀ ਜਾਂ ਤੁਸੀਂ ਆਪਣੇ ਅਪਰਾਧਾਂ ਅਤੇ ਪਾਪਾਂ ਦੇ ਕਾਰਨ ਮੁਰਦੇ ਸਾਓ ਜਿਵਾਲਿਆ" (ਅਫ਼ਸੀਆਂ 2:1)* । ਇੱਥੇ ਮੁਕਤੀ ਦੀ ਤੁਲਨਾ ਮੁਰਦਿਆਂ ਵਿੱਚੋਂ ਜੀ ਉੱਠਣ ਨਾਲ ਕੀਤੀ ਗਈ ਹੈ।

ਜੇਕਰ ਕੋਈ ਮੁਰਦਾ ਜੀਉਂਦਾ ਹੋ ਜਾਵੇ ਤਾਂ ਅਸੀਂ ਯਕੀਨਨ ਕਹਿ ਸਕਦੇ ਹਾਂ ਕਿ ਉਹ ਜ਼ਿੰਦਾ ਹੈ। ਉਹ ਫਿਰ ਲਿਖਦਾ ਹੈ, *'ਕਿਉਂ ਜੋ ਤੁਸੀਂ ਕਿਰਪਾ ਤੋਂ ਨਿਹਚਾ ਦੇ ਰਾਹੀਂ ਬਚਾਏ ਗਏ... ਅਫ਼ਸੀਆਂ 2:8'* । ਇਹ ਨਹੀਂ ਕਿ ਤੁਸੀਂ ਬਚਾਏ ਜਾਵੋਗੇ ਜਾਂ ਇਹ ਕਿ ਤੁਹਾਨੂੰ ਬਚਾਇਆ ਜਾ ਸਕਦਾ ਹੈ ਪਰ ਇਹ ਕਿ ਤੁਸੀਂ ਬਚਾਏ ਜਾ ਚੁੱਕੇ ਹੋ। ਇਹ ਇੱਕ ਖਾਸ ਗੱਲ ਹੈ ਜੋ ਪਹਿਲਾਂ ਹੀ ਵਾਪਰ ਚੁੱਕੀ ਹੈ। ਇਹ ਉਸ ਅਵਸਥਾ ਦਾ ਸਬੂਤ ਹੈ ਜਦੋਂ ਅਸੀਂ ਪੂਰੇ ਯਕੀਨ ਨਾਲ ਕਹਿ ਸਕਦੇ ਹਾਂ ਕਿ ਅਸੀਂ ਬਚ ਗਏ ਹਾਂ।

'ਕਿਉਂ ਜੋ ਤੁਸੀਂ ਅੱਗੇ ਅਨ੍ਹੇਰਾ ਸਾਓ ਪਰ ਹੁਣ ਪ੍ਰਭੂ ਵਿੱਚ ਹੋ ਕੇ ਚਾਨਣ ਹੋ,(ਅਫ਼ਸੀਆਂ 5:8) । ਪੌਲੁਸ ਕੁਰਿੰਥੀਆਂ ਨੂੰ ਇਸ ਤਰ੍ਹਾਂ ਲਿਖਦਾ ਹੈ – ਤੁਹਾਡੇ ਵਿੱਚੋਂ ਕਈਕੁ ਏਹੋ ਜੇਹੇ ਸਨ ਪਰ ਪ੍ਰਭੂ ਯਿਸੂ ਮਸੀਹ ਦੇ ਨਾਮ ਤੋਂ ਅਤੇ ਸਾਡੇ ਪਰਮੇਸ਼ੁਰ ਦੇ ਆਤਮਾ ਤੋਂ ਤੁਸੀਂ ਧੋਤੇ ਗਏ ਅਰ ਤੁਸੀਂ ਪਵਿੱਤਰ ਕੀਤੇ ਗਏ ਅਰ ਤੁਸੀਂ ਧਰਮੀ ਠਹਿਰਾਏ ਗਏ (1 ਕੁਰਿੰਥੀਆਂ 6:11) । ਉਹ ਅਤੀਤ ਦਾ ਹਵਾਲਾ ਦਿੰਦਾ ਹੈ ਜਦੋਂ ਉਹ ਦੁਸ਼ਟਤਾ ਅਤੇ ਭੈੜੇ ਜੀਵਨ ਵਿੱਚ ਰਹਿੰਦੇ ਸਨ ਪਰ ਇਸ ਵਰਤਮਾਨ ਜੀਵਨ ਵਿੱਚ ਉਹ ਪਿਛਲੇ ਜੀਵਨ ਤੋਂ ਮੁਕਤ ਹੋ ਗਏ ਹਨ। ਇਸ ਲਈ ਮੁਕਤੀ ਇੱਕ ਸੱਚਾ ਅਨੁਭਵ ਹੈ।

ਮੁਕਤੀ ਦੇ ਨਾਲ, ਪਵਿੱਤਰ ਆਤਮਾ ਦੀ ਦਾਤ ਵੀ ਤੁਰੰਤ ਦਿੱਤੀ ਜਾਂਦੀ ਹੈ। ਜੋ ਮਨੁੱਖ ਪਰਮੇਸ਼ੁਰ ਦੇ ਆਤਮਾ ਤੋਂ ਬਿਨਾਂ ਹੈ ਉਹ ਮੁਕਤੀ ਪ੍ਰਾਪਤ ਕੀਤਾ ਹੋਇਆ ਨਹੀਂ ਹੈ। '*ਉਸ ਵਿੱਚ ਜਿਸ ਵੇਲੇ ਤੁਸਾਂ ਸਚਿਆਈ ਦੇ ਬਚਨ ਅਰਥਾਤ ਆਪਣੀ ਮੁਕਤੀ ਦੀ ਖੁਸ਼ ਖਬਰੀ ਸੁਣੀ ਅਤੇ ਉਸ ਵਿੱਚ ਨਿਹਚਾ ਭੀ ਕੀਤੀ ਤਾਂ ਵਾਇਦੇ ਦੇ ਪਵਿੱਤਰ ਆਤਮਾ ਨਾਲ ਤੁਹਾਡੇ ਉੱਤੇ ਵੀ ਮੋਹਰ ਲੱਗੀ (ਅਫ਼ਸੀਆਂ 1:13)*। '. . . *ਜਿਹ ਦੇ ਵਿੱਚ ਮਸੀਹ ਦਾ ਆਤਮਾ ਨਹੀਂ ਹੈ ਸੋ ਉਹ ਮਸੀਹ ਦਾ ਨਹੀਂ ਹੈ (ਰੋਮੀਆਂ 8:9)*। ਮੁਕਤੀ ਪ੍ਰਾਪਤ ਕਰਨ ਤੋਂ ਬਾਅਦ ਪਵਿੱਤਰ ਆਤਮਾ ਦੇ ਮਸਹ ਕੀਤੇ ਜਾਣ ਦਾ ਇੰਤਜ਼ਾਰ ਜਾਂ ਉਡੀਕ ਕਰਨ ਦੀ ਕੋਈ ਲੋੜ ਨਹੀਂ ਹੈ। ਪਰ ਸਾਨੂੰ ਪਵਿੱਤਰ ਆਤਮਾ ਨਾਲ ਭਰਪੂਰ ਹੁੰਦੇ ਜਾਣਾ ਚਾਹੀਦਾ ਹੈ। (ਅਫ਼ਸੀਆਂ 5:18)। ਜਿਹੜੇ ਲੋਕ ਪਵਿੱਤਰ ਆਤਮਾ ਨਾਲ ਭਰੇ ਹੋਏ ਹਨ ਉਸਦੇ ਅਨੁਸਾਰ ਚਲਣਗੇ ਅਤੇ ਉਹ ਆਤਮਾ ਦੇ ਫਲ ਪੈਦਾ ਕਰਨਗੇ। (ਗਲਾਤੀਆਂ 5:22,23)।

## ਵਿਸ਼ਵਾਸੀ ਦੀਆਂ ਜ਼ਿੰਮੇਵਾਰੀਆਂ

## 1. ਮੁਕਤੀ ਪਾਏ ਹੋਏ ਲਈ ਬਪਤਿਸਮਾ ਲੈਣਾ ਜ਼ਰੂਰੀ ਹੈ

ਬਪਤਿਸਮਾ ਪ੍ਰਭੂ ਯਿਸੂ ਦਾ ਇੱਕ ਮਹੱਤਵਪੂਰਨ ਹੁਕਮ ਹੈ (ਮੱਤੀ 28:19, 20) ਇਹ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਭਾਵ ਤ੍ਰਿਏਕ ਪਰਮੇਸ਼ੁਰ ਦੇ ਨਾਮ ਵਿੱਚ ਦਿੱਤਾ ਜਾਂਦਾ ਹੈ। ਜਦੋਂ ਇੱਕ ਮਨੁੱਖ ਤ੍ਰਿਏਕ ਪਰਮੇਸ਼ੁਰ ਦੇ ਨਾਮ ਵਿੱਚ ਬਪਤਿਸਮਾ ਲੈਂਦਾ ਹੈ, ਤਾਂ ਉਹ ਪਰਮੇਸ਼ੁਰ ਪਿਤਾ ਦੀ ਈਸ਼ੁਰੀਤਾਈ ਦੇ ਨਾਲ-ਨਾਲ ਪੁੱਤਰ, ਪ੍ਰਭੂ ਯਿਸੂ ਮਸੀਹ ਦੀ ਈਸ਼ੁਰੀਤਾਈ, ਅਤੇ ਪਵਿੱਤਰ ਆਤਮਾ ਦੀ ਈਸ਼ੁਰੀਤਾਈ ਅਤੇ ਸ਼ਖਸੀਅਤ ਦਾ ਇਕਰਾਰ ਕਰਦਾ ਹੈ। ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਤਿੰਨ ਵੱਖ-ਵੱਖ ਸ਼ਖਸੀਅਤਾਂ ਨਹੀਂ ਹਨ, ਪਰ ਸੱਚੇ ਅਤੇ ਇਕੋ ਪਰਮੇਸ਼ੁਰ ਦੇ ਤਿੰਨ ਵੱਖਰੇ ਵਿਅਕਤੀਤੱਵ ਹਨ। ਬਪਤਿਸਮਾ ਪ੍ਰਭੂ ਯਿਸੂ ਦਾ ਇੱਕ

ਮਹੱਤਵਪੂਰਨ ਹੁਕਮ ਹੈ। ਪੰਤੇਕੁਸਤ ਦੇ ਤਿਉਹਾਰ ਦੇ ਦਿਨ, ਨਵੇਂ ਨੇਮ ਦੀ ਕਲੀਸੀਆ ਦੇ ਅਰੰਭ ਵਿੱਚ ਪਤਰਸ ਨੇ ਆਪਣੇ ਪ੍ਰਚਾਰ ਦੁਆਰਾ ਬਚਾਏ ਗਏ ਲਗਭਗ ਤਿੰਨ ਹਜ਼ਾਰ ਵਿਸ਼ਵਾਸੀਆਂ ਨੂੰ ਬਪਤਿਸਮਾ ਲੈਣ ਲਈ ਉਤਸ਼ਾਹਿਤ ਕੀਤਾ (ਰਸੂਲਾਂ ਦੇ ਕਰਤੱਬ 2:38)।

ਫ਼ਿਲਿੱਪੁਸ ਨੇ ਸਾਮਰਿਯਾ ਸ਼ਹਿਰ ਦੇ ਲੋਕਾਂ ਵਿੱਚ ਜਾ ਕੇ ਮਸੀਹ ਦਾ ਪ੍ਰਚਾਰ ਕੀਤਾ ਅਤੇ ਸਾਰੇ ਵਿਸ਼ਵਾਸ ਕਰਨ ਵਾਲਿਆਂ ਨੇ ਬਪਤਿਸਮਾ ਲਿਆ (ਰਸੂਲਾਂ ਦੇ ਕਰਤੱਬ 8:12)। ਸਾਰੇ ਆਦਮੀ ਅਤੇ ਔਰਤਾਂ ਬਪਤਿਸਮਾ ਲੈਣ ਲੱਗ ਪਏ। ਪਰ ਬੱਚਿਆਂ ਦਾ ਜ਼ਿਕਰ ਨਹੀਂ ਕੀਤਾ ਗਿਆ ਹੈ। ਇਸ ਕਾਰਨ ਇਹ ਸਪੱਸ਼ਟ ਹੈ ਕਿ ਸਿਰਫ਼ ਨਿਹਚਾ ਕਰਨ ਵਾਲੇ ਹੀ ਬਪਤਿਸਮਾ ਲੈਂਦੇ ਸਨ। ਜਦੋਂ ਇਥੋਪੀਆ ਦੇ ਖੁਸਰੇ ਨੇ ਵਿਸ਼ਵਾਸ ਕੀਤਾ, ਤਾਂ ਉਸ ਨੇ ਤੁਰੰਤ ਬਪਤਿਸਮਾ ਲੈ ਲਿਆ (ਰਸੂਲਾਂ ਦੇ ਕਰਤੱਬ 8:38)। ਖੁਸ਼ਖਬਰੀ ਸੁਣਨ ਤੋਂ ਬਾਅਦ, ਉਸਨੇ ਨਿਹਚਾ ਕੀਤੀ ਅਤੇ ਪੁੱਛਿਆ, "ਹੁਣ ਮੈਨੂੰ ਬਪਤਿਸਮਾ ਲੈਣ ਤੋਂ ਕਿਹੜੀ ਚੀਜ਼ ਰੋਕਦੀ ਹੈ?" ਇਸ ਤੋਂ ਪਤਾ ਲੱਗਦਾ ਹੈ ਕਿ ਖੁਸ਼ਖਬਰੀ ਸੁਣਾਉਂਦੇ ਸਮੇਂ, ਫ਼ਿਲਿੱਪੁਸ ਨੇ ਬਪਤਿਸਮੇ ਦਾ ਵੀ ਜ਼ਿਕਰ ਕੀਤਾ ਹੋਵੇਗਾ। ਪ੍ਰਭੂ ਯਿਸੂ ਦਾ ਹੁਕਮ ਹੈ ਕਿ ਜੋ ਵੀ ਨਿਹਚਾ ਕਰਦਾ ਹੈ ਸੋ ਉਸਨੂੰ ਬਪਤਿਸਮਾ ਵੀ ਦਿੱਤਾ ਜਾਵੇ।

ਇਸ ਲਈ, ਜੇਕਰ ਬਪਤਿਸਮਾ ਦੇਣ ਵਾਲਾ ਇਸ ਹੁਕਮ ਨੂੰ ਪੂਰਾ ਕਰਦਾ ਹੈ, ਤਾਂ ਦੂਜੇ ਪਾਸੇ, ਬਪਤਿਸਮਾ ਲੈਣ ਵਾਲਾ ਵੀ ਪ੍ਰਭੂ ਦੇ ਹੁਕਮ ਨੂੰ ਮੰਨਣ ਲਈ ਤਿਆਰ ਹੁੰਦਾ ਹੈ। ਇਹ ਦੋਵੇਂ ਲਾਜ਼ਮੀ ਹਨ।

ਪੌਲੁਸ ਨੇ ਵਿਸ਼ਵਾਸ ਕਰਨ ਤੋਂ ਬਾਅਦ ਬਪਤਿਸਮਾ ਲਿਆ (ਰਸੂਲਾਂ ਦੇ ਕਰਤੱਬ 9:18)। ਕੁਰਨੇਲਿਅਸ ਦੇ ਘਰ ਦੇ ਵਿੱਚ ਨਿਹਚਾ ਕਰਨ ਵਾਲਿਆਂ ਨੇ ਬਪਤਿਸਮਾ ਲਿਆ (ਰਸੂਲਾਂ ਦੇ ਕਰਤੱਬ 10:47,48)। ਲੁਦਿਯਾ ਨੇ ਪਰਿਵਾਰ ਸਮੇਤ ਨਿਹਚਾ

ਕੀਤੀ ਅਤੇ ਬਪਤਿਸਮਾ ਲਿਆ (ਰਸੂਲਾਂ ਦੇ ਕਰਤੱਬ 16:15)। ਜੇਲ੍ਹਰ ਅਤੇ ਉਸ ਦੇ ਘਰਾਣੇ ਨੇ ਖੁਸ਼ਖਬਰੀ ਨੂੰ ਸੁਣਿਆ, ਅਤੇ ਤੁਰੰਤ ਉਸ ਨੇ ਅਤੇ ਉਸਦੇ ਪਰਿਵਾਰ ਨੇ ਬਪਤਿਸਮਾ ਲੈ ਲਿਆ ਸੀ (ਰਸੂਲਾਂ ਦੇ ਕਰਤੱਬ 16:33)। ਇੱਥੇ ਪਰਿਵਾਰ ਦਾ ਮਤਲਬ ਹੈ ਉਸ ਦੇ ਪਰਿਵਾਰ ਦੇ ਸਾਰੇ ਜੀਆਂ ਨੂੰ ਜਿਨ੍ਹਾਂ ਨੇ ਵਿਸ਼ਵਾਸ ਕੀਤਾ ਸੀ। 'ਘਰ ਦੇ ਸਭ ਲੋਕਾਂ ਨੂੰ ਪ੍ਰਭੂ ਦੀ ਖੁਸ਼ਖਬਰੀ ਸੁਣਾਈ ਗਈ' 'ਪਰਿਵਾਰ ਸਣੇ ਪਰਮੇਸ਼ੁਰ ਵਿੱਚ ਵਿਸ਼ਵਾਸ ਕੀਤਾ.... (ਰਸੂਲਾਂ ਦੇ ਕਰਤੱਬ 9:32,34)।

ਇਨ੍ਹਾਂ ਵਾਕਾਂ ਦਾ ਮਤਲਬ ਇਹ ਹੈ ਕਿ ਜਿਨ੍ਹਾਂ ਲੋਕਾਂ ਨੇ ਬਪਤਿਸਮਾ ਲਿਆ ਸੀ ਉਨ੍ਹਾਂ ਸਾਰਿਆਂ ਨੇ ਨਿਹਚਾ ਕਰਨ ਤੋਂ ਬਾਅਦ ਬਪਤਿਸਮਾ ਲਿਆ ਸੀ ਅਤੇ ਉਨ੍ਹਾਂ ਵਿੱਚ ਕੋਈ ਵੀ ਬੱਚਾ ਸ਼ਾਮਲ ਨਹੀਂ ਸੀ।

## ਬਪਤਿਸਮੇ ਦਾ ਅਰਥ ਅਤੇ ਮਹੱਤਵ

ਜਦੋਂ ਇੱਕ ਮਨੁੱਖ ਨਿਹਚਾ ਦੁਆਰਾ ਬਚਾਇਆ ਜਾਂਦਾ ਹੈ ਤਾਂ ਉਹ ਮਸੀਹ ਯਿਸੂ ਦੇ ਨਾਲ ਮੌਤ ਦੀ ਸਮਾਨਤਾ ਵਿੱਚ ਹੋਕੇ ਉਸਦੇ ਨਾਲ ਦਫ਼ਨਾਇਆ ਜਾਂਦਾ ਹੈ, ਅਤੇ ਮਸੀਹ ਦੇ ਨਾਲ ਜਿਵਾਇਆ ਵੀ ਜਾਂਦਾ ਹੈ। ਬਪਤਿਸਮਾ ਇਸ ਗੱਲ ਦੀ ਘੋਸ਼ਣਾ ਹੈ ਕਿ ਇੱਕ ਮਸੀਹੀ (ਵਿਸ਼ਵਾਸੀ) ਯਿਸੂ ਮਸੀਹ ਦੇ ਨਾਲ ਉਹਦੀ ਮੌਤ ਵਿੱਚ ਸ਼ਾਮਲ ਹੋਕੇ, ਉਸਦੇ ਨਾਲ ਦਫ਼ਨਾਇਆ ਗਿਆ ਅਤੇ ਮਸੀਹ ਯਿਸੂ ਨਾਲ ਜੀ ਉੱਠਣ ਦਾ ਭਾਗੀਦਾਰ ਬਣਾਇਆ ਗਿਆ ਹੈ (ਰੋਮੀਆਂ 6:3,4)।

ਬਪਤਿਸਮਾ ਮੁਕਤੀ ਪ੍ਰਾਪਤ ਕਰਨ ਦਾ ਸਾਧਨ ਨਹੀਂ ਹੈ। ਇਹ ਮੁਕਤੀ ਪਾਏ ਹੋਏ ਦਾ ਐਲਾਨ ਹੈ। ਬਪਤਿਸਮਾ ਲੈਣ ਦਾ ਸਹੀ ਤਰੀਕਾ ਪਾਣੀ ਵਿਚ ਪੂਰੀ ਤਰ੍ਹਾਂ ਡੁੱਬਣਾ ਹੈ। ਪਾਣੀ ਛਿੜਕ ਕੇ ਬਪਤਿਸਮਾ ਨਹੀਂ ਲਿਆ ਜਾ ਸਕਦਾ। ਪਾਣੀ ਦਾ ਛਿੜਕਾਉ ਯਿਸੂ ਮਸੀਹ ਦੇ ਦਫ਼ਨਾਉਣ ਅਤੇ ਜੀ ਉੱਠਣ ਨੂੰ ਕਿਵੇਂ ਦਰਸਾ ਸਕਦਾ

ਹੈ? ਪਹਿਲਾਂ ਨਿਹਚਾ ਕਰਨਾ ਅਤੇ ਫਿਰ ਬਪਤਿਸਮਾ ਲੈਣਾ ਹੀ ਹੈ ਜੋ ਅਸੀਂ ਬਾਈਬਲ (ਨਵੇਂ ਨੇਮ) ਵਿੱਚ ਲਿਖਿਆ ਹੋਇਆ ਪਾਉਂਦੇ ਹਾਂ।

ਨਵਾਂ ਨੇਮ ਨਿਹਚਾ ਦੁਆਰਾ ਬਪਤਿਸਮੇ ਤੋਂ ਇਲਾਵਾ ਬਾਲਗ ਬਪਤਿਸਮੇ ਬਾਰੇ ਨਹੀਂ ਸਿਖਾਉਂਦਾ ਹੈ। ਇਹ ਕਿਸੇ ਮਨੁੱਖ ਦੀ ਉਮਰ ਨਹੀਂ, ਸਗੋਂ ਉਸ ਦੀ ਨਿਹਚਾ ਹੈ ਜੋ ਇਸ ਹੁਕਮ ਨੂੰ ਮੰਨਣ ਦਾ ਮੁੱਖ ਆਧਾਰ ਹੈ। ਮਸੀਹ ਯਿਸੂ ਨੇ ਬੱਚਿਆਂ ਨੂੰ ਬਪਤਿਸਮਾ ਦੇਣ ਦਾ ਹੁਕਮ ਆਪਣੇ ਚੇਲਿਆਂ ਨੂੰ ਨਹੀਂ ਦਿੱਤਾ। ਨਵੇਂ ਨੇਮ ਵਿੱਚ ਬੱਚਿਆਂ ਨੂੰ ਬਪਤਿਸਮਾ ਦੇਣ ਦਾ ਕੋਈ ਸਬੂਤ ਨਹੀਂ ਹੈ। ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦੇਣ ਦੀ ਸਿੱਖਿਆ ਨਵੇਂ ਨੇਮ ਵਿੱਚ ਪਾਈ ਜਾਂਦੀ ਹੈ। ਅਸੀਂ ਵਚਨ ਵਿੱਚ ਇੱਕ ਬਪਤਿਸਮਾ ਦੇਣ ਵਾਲੇ ਦੀ ਅਯੋਗਤਾ ਦੇ ਕਾਰਨ ਦੂਜੀ ਵਾਰ ਬਪਤਿਸਮਾ ਲੈਣ ਦਾ ਵਿਸ਼ਾ ਵੀ ਨਹੀਂ ਲੱਭਦੇ।

## 2. ਮੁਕਤੀ ਪਾਏ ਹੋਏ ਮਨੁੱਖ ਨੂੰ ਆਪਣੇ ਆਪ ਨੂੰ ਪਾਪ ਤੋਂ ਵੱਖ ਕਰਨਾ ਚਾਹੀਦਾ ਹੈ

ਕਲੀਸੀਆ ਬਚਾਏ ਗਏ ਲੋਕਾਂ ਦਾ ਇੱਕ ਸਮੂਹ ਹੈ। ਮੁਕਤੀ ਤੋਂ ਪਹਿਲਾਂ ਮਨੁੱਖ ਕਿਸੇ ਨਾ ਕਿਸੇ ਧਰਮ ਜਾਂ ਫ਼ਿਰਕੇ ਦਾ ਹਿੱਸਾ ਹੁੰਦਾ ਹੈ, ਪਰ ਮੁਕਤੀ ਤੋਂ ਬਾਅਦ ਉਹ ਪਰਮੇਸ਼ੁਰ ਦੀ ਸੰਤਾਨ ਬਣ ਜਾਂਦਾ ਹੈ। ਇਹ ਜ਼ਰੂਰੀ ਹੈ ਕਿ ਪਰਮੇਸ਼ੁਰ ਦੀ ਸੰਤਾਨ ਨੂੰ ਉਹਦੇ ਲੋਕਾਂ ਦੀ ਸੰਗਤ ਵਿੱਚ ਰਹਿਣਾ ਚਾਹੀਦਾ ਹੈ। ਇਸ ਲਈ, ਆਪਣੇ ਆਪ ਨੂੰ ਆਪਣੇ ਪੁਰਾਣੇ ਵਿਵਹਾਰ ਅਤੇ ਸਾਥੀਆਂ ਤੋਂ ਵੱਖ ਕਰਨਾ ਜ਼ਰੂਰੀ ਹੈ। ਆਪਣੇ ਆਪ ਨੂੰ ਬੇਪਰਤੀਤੇ ਲੋਕਾਂ ਅਤੇ ਪਰੰਪਰਾਗਤ ਰੀਤੀ ਰਿਵਾਜਾਂ ਤੋਂ ਅਲੱਗ ਕਰਨਾ ਹੈ।

ਬਾਈਬਲ ਵਿੱਚ ਇਸ ਤਰਾਂ ਲਿਖਿਆ ਹੈ – ਇਸ ਲਈ ਪ੍ਰਭੂ ਕਹਿੰਦਾ ਹੈ, "*ਉਨ੍ਹਾਂ ਵਿੱਚੋਂ ਨਿੱਕਲ ਆਓ ਅਤੇ ਅੱਡ ਹੋਵੋ, ਪ੍ਰਭੁ ਆਖਦਾ ਹੈ, ਅਤੇ ਕਿਸੇ ਭ੍ਰਿਸ਼ਟ ਵਸਤ ਨੂੰ ਹੱਥ*

*ਨਾ ਲਾਓ, ਮੈਂ ਤੁਹਾਨੂੰ ਕਬੂਲ ਕਰ ਲਵਾਂਗਾ, ਅਰ ਤੁਹਾਡਾ ਪਿਤਾ ਹੋਵਾਂਗਾ ਅਤੇ ਤੁਸੀਂ ਮੇਰੇ ਪੁੱਤ੍ਰ ਧੀਆਂ ਹੋਵੋਗੇ। ਇਹ ਬਚਨ ਸਰਬ ਸ਼ਕਤੀਮਾਨ ਪ੍ਰਭੂ ਦਾ ਹੈ(2 ਕੁਰਿੰਥੀਆਂ 6:17,18)।*

ਹੁਣ ਉਨ੍ਹਾਂ ਨੂੰ ਝੂਠੇ ਗੁਰੂਆਂ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਤੋਂ ਆਪਣੇ ਆਪ ਨੂੰ ਵੱਖ ਕਰਨਾ ਪਵੇਗਾ। ਕਿਉਂਕਿ ਸੰਸਾਰ ਪਰਮੇਸ਼ੁਰ ਨਾਲ ਵੈਰ ਰੱਖਦਾ ਹੈ, ਉਸਦੇ ਬੱਚਿਆਂ ਨੂੰ ਵੀ ਚਾਹੀਦਾ ਹੈ ਕਿ ਉਹ ਵੀ ਆਪਣੇ ਆਪ ਨੂੰ ਸੰਸਾਰ ਤੋਂ ਅਲੱਗ ਰੱਖਣ (1 ਯੂਹੰਨਾ 2:15-17; ਯੂਹੰਨਾ 15:18,19; ਰੋਮੀਆਂ 12:1,2)।

## 3. ਮੁਕਤੀ ਪਾਏ ਹੋਏ ਮਨੁੱਖ ਲਈ ਪਰਮੇਸ਼ੁਰ ਦੀ ਭਗਤੀ ਕਰਨਾ ਲਾਜ਼ਮੀ ਹੈ

ਪਰਮੇਸ਼ੁਰ ਦੀ ਉਪਾਸਨਾ ਕਰਨਾ ਵਿਸ਼ਵਾਸੀ ਦੀ ਜ਼ਿੰਮੇਵਾਰੀ ਹੈ। ਭਗਤੀ ਦਾ ਮਹੱਤਵ ਉਸ ਮੁਕਤੀ ਤੇ ਆਧਾਰਿਤ ਹੈ ਜਿਸ ਨੂੰ ਪਰਮੇਸ਼ੁਰ ਨੇ, ਮਸੀਹ ਯਿਸੂ ਰਾਹੀਂ ਸਾਡੇ ਲਈ ਸਾਕਾਰ ਕੀਤਾ ਹੈ। ਭਗਤੀ ਵਿੱਚ ਅਸੀਂ ਪਰਮੇਸ਼ੁਰ ਅੱਗੇ ਬੇਨਤੀ ਜਾਂ ਪ੍ਰਾਰਥਨਾ ਨਹੀਂ ਕਰਦੇ, ਸਗੋਂ ਅਸੀਂ ਉਸਤਤ ਦਾ ਬਲੀਦਾਨ ਅਤੇ ਧੰਨਵਾਦ ਦੀਆਂ ਭੇਟਾਂ ਚੜ੍ਹਾਉਂਦੇ ਹਾਂ (ਇਬਰਾਨੀਆਂ 13:15)। ਜਦੋਂ ਅਸੀਂ ਮੁਕਤੀ ਪਾਉਂਦੇ ਹਾਂ ਤਾਂ ਨਾ ਸਿਰਫ਼ ਪਰਮੇਸ਼ੁਰ ਦੀ ਸੰਤਾਨ ਬਣਦੇ ਹਾਂ, ਪਰ ਅਸੀਂ, *"... ਚੁਣਿਆ ਹੋਇਆ ਵੰਸ, ਜਾਜਕਾਂ ਦੀ ਸ਼ਾਹੀ ਮੰਡਲੀ, ਪਵਿੱਤਰ ਕੌਮ, ਪਰਮੇਸ਼ੁਰ ਦੀ ਖਾਸ ਪਰਜਾ..."* ਅਤੇ ਉਪਾਸਨਾ ਕਰਨ ਦੇ ਯੋਗ ਬਣ ਜਾਂਦੇ ਹਾਂ (1 ਪਤਰਸ 2:4,5,9)।

ਸਾਮਰੀ ਔਰਤ ਨਾਲ ਗੱਲਬਾਤ ਦੌਰਾਨ (ਯੂਹੰਨਾ 4) ਪ੍ਰਭੂ ਕਹਿੰਦਾ ਹੈ ਕਿ ਭਗਤੀ ਆਤਮਾ ਅਤੇ ਸੱਚਾਈ ਨਾਲ ਕਰਨੀ ਹੈ। '...ਸੱਚੇ ਭਗਤ ਆਤਮਾ ਅਰ ਸਚਿਆਈ ਨਾਲ ਪਿਤਾ ਦੀ ਭਗਤੀ ਕਰਨਗੇ...' (ਯੂਹੰਨਾ 4:23)।

ਪਰਮੇਸ਼ੁਰ ਦੀ ਸੰਤਾਨ ਹੀ ਭਗਤ ਹਨ ਤੇ ਪਿਤਾ ਦੀ ਭਗਤੀ ਕਰਦੇ ਹਨ। ਇਸ ਲਈ ਬੇਪਰਤੀਤੇ ਲੋਕਾਂ ਨੂੰ ਭਗਤੀ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਨਵੇਂ ਨੇਮ ਵਿੱਚ, ਅਰਾਧਨਾ ਦੇ ਸਥਾਨ ਨੂੰ ਮਹੱਤਵ ਨਹੀਂ ਦਿੱਤਾ ਗਿਆ ਹੈ, ਸਗੋਂ ਉਸ ਨੂੰ ਦਿੱਤਾ ਗਿਆ ਹੈ ਜਿਸ ਦੀ ਭਗਤੀ ਕੀਤੀ ਜਾਂਦੀ ਹੈ।

ਨਵੇਂ ਨੇਮ ਵਿੱਚ ਪ੍ਰਭੂ ਭੋਜ ਨੂੰ ਇੱਕ ਮਹੱਤਵਪੂਰਨ ਸਥਾਨ ਦਿੱਤਾ ਗਿਆ ਹੈ। *ਉਹ ਲਗਾਤਾਰ ਰਸੂਲਾਂ ਦੀ ਸਿੱਖਿਆ ਲੈਣ, ਸੰਗਤ ਵਿੱਚ, ਰੋਟੀ ਤੋੜਨਾ ਅਤੇ ਪ੍ਰਾਰਥਨਾ ਵਿੱਚ ਕਰਨ ਲਗੇ ਰਹੇ (ਰਸੂਲਾਂ ਦੇ ਕਰਤੱਬ 2:42)*। ਪ੍ਰਭੂ ਭੋਜ ਜਾਂ ਰੋਟੀ ਤੋੜਨ ਨਾਲ ਅਸੀਂ ਪ੍ਰਭੂ ਦੀ ਯਾਦਗਾਰ ਨੂੰ ਤਾਜ਼ਾ ਕਰਦੇ ਹਾਂ ਅਤੇ ਉਸਦੇ ਹੁਕਮਾਂ ਦੀ ਪਾਲਣਾ ਕਰਦੇ ਹਾਂ। (ਲੂਕਾ 22:19) ਰੋਟੀ ਉਸ ਦੇ ਸਰੀਰ ਦੀ ਯਾਦ ਦਿਵਾਉਂਦੀ ਹੈ ਅਤੇ ਦਾਖਰਸ ਸਾਡੇ ਲਈ ਉਸ ਦੇ ਵਹਾਏ ਗਏ ਲਹੂ ਦੀ ਯਾਦ ਦਿਵਾਉਂਦਾ ਹੈ। ਇਹ ਰੋਟੀ ਅਤੇ ਦਾਖਰਸ ਪ੍ਰਭੂ ਦੇ ਸਰੀਰ ਅਤੇ ਲਹੂ ਵਿੱਚ ਨਹੀਂ ਬਦਲਦੇ। ਅਸੀਂ ਸਿਰਫ਼ ਰੋਟੀ ਖਾਂਦੇ ਹਾਂ ਅਤੇ ਦਾਖਰਸ ਪੀਂਦੇ ਹਾਂ। ਨਵੇਂ ਨੇਮ ਵਿੱਚ ਪ੍ਰਭੂ ਭੋਜ ਦੀ ਸਿੱਖਿਆ ਨੂੰ 1 ਕੁਰਿੰਥੀਆਂ ਦੇ 11ਵੇਂ ਅਧਿਆਇ ਵਿੱਚ ਵਿਸਥਾਰ ਨਾਲ ਦੱਸਿਆ ਗਿਆ ਹੈ। ਉੱਥੇ ਪੌਲੁਸ ਰਸੂਲ ਲਿਖਦਾ ਹੈ – *ਜਦ ਕਦੇ ਤੁਸੀਂ ਇਹ ਰੋਟੀ ਖਾਓ ਅਤੇ ਪਿਆਲਾ ਪੀਓ, ਤਾਂ ਤੁਸੀਂ ਪ੍ਰਭੂ ਦੀ ਮੌਤ ਦਾ ਪਰਚਾਰ ਕਰਦੇ ਰਹਿੰਦੇ ਹੋ ਜਦ ਤੱਕ ਉਹ ਨਾ ਆਵੇ (ਰਸੂ. 11:26)*। ਪ੍ਰਭੂ ਭੋਜ ਵਿੱਚ ਭਾਗ ਲੈਣ ਨਾਲ ਪਾਪਾਂ ਤੋਂ ਮੁਕਤੀ ਨਹੀਂ ਮਿਲਦੀ।

ਵਿਸ਼ਵਾਸ ਦੁਆਰਾ ਪਾਪ ਤੋਂ ਮੁਕਤੀ ਪਾਏ ਹੋਏ ਲੋਕ ਇਸ ਵਿੱਚ ਹਿੱਸਾ ਲੈਂਦੇ ਹਨ। ਪ੍ਰਭੂ ਯਿਸੂ ਨੇ ਬਪਤਿਸਮਾ ਅਤੇ ਪ੍ਰਭੂ ਭੋਜ, ਇਹ ਦੋਵੇਂ ਹੁਕਮ ਪਾਪ ਤੋਂ ਮੁਕਤੀ ਪਾਏ ਹੋਇਆਂ ਲਈ ਸਥਾਪਿਤ ਕੀਤੇ ਹਨ, ਪਰ ਅੱਜ ਦੇ ਮਸੀਹੀ ਸੰਸਾਰ (ਜਾਂ ਨਾਮਾਤਰੀ ਈਸਾਈਆਂ) ਨੇ ਇਸ ਨੂੰ ਪਾਪ ਤੋਂ ਮੁਕਤੀ ਦਾ ਸਾਧਨ ਬਣਾ ਛੱਡਿਆ ਹੈ, ਜੋ ਕਿ ਬਿਲਕੁਲ ਗਲਤ ਹੈ।

# ਮਸੀਹੀ ਜੀਵਨ ਅਤੇ ਸੇਵਾਵਾਂ

ਇੱਕ ਸੱਚਾ ਮਸੀਹੀ ਜੀਵਨ ਉਦੋਂ ਪ੍ਰਗਟ ਹੁੰਦਾ ਹੈ ਜਦੋਂ ਉਹ ਮਸੀਹ ਦੇ ਵਿੱਚ ਵੱਸਦਾ ਹੈ। 'ਮੈਂ ਮਸੀਹ ਦੇ ਨਾਲ ਸਲੀਬ ਦਿੱਤਾ ਗਿਆ ਹਾਂ ਪਰ ਹੁਣ ਤੋਂ ਮੈਂ ਤਾਂ ਨਹੀਂ ਜੀਉਂਦਾ ਸਗੋਂ ਮਸੀਹ ਮੇਰੇ ਵਿੱਚ ਜੀਉਂਦਾ ਹੈ ..'(ਗਲਾਤੀਆਂ 2:20)।

ਪ੍ਰਭੂ ਯਿਸੂ ਮਸੀਹ ਅੰਗੂਰ ਦੀ ਵੇਲ ਹੈ ਅਤੇ ਹਰ ਵਿਸ਼ਵਾਸੀ ਉਸ ਵਿੱਚ ਇੱਕ ਟਹਿਣੀ ਹੈ। *ਮੈਂ ਵੇਲ ਹਾਂ, ਤੁਸੀਂ ਟਹਿਣੀਆਂ ਹੋ (ਯੂਹੰਨਾ 15.5)*। ਸਾਡਾ ਮਸੀਹ ਨਾਲ ਇੱਕ ਜੀਵਤ ਸਬੰਧ ਹੈ। ਮਸੀਹ ਦਾ ਰਸ ਸਾਡੇ ਵਿੱਚ ਜੋ ਟਹਿਣੀਆਂ ਹਾਂ ਵਹਿੰਦਾ ਹੈ, ਜਿਸ ਨਾਲ ਅਸੀਂ ਮਸੀਹੀ ਸੇਵਾ ਕਰਨ ਅਤੇ ਫਲਦਾਇਕ ਆਤਮਿਕ ਜੀਵਨ ਜਿਉਣ ਦੇ ਯੋਗ ਬਣਾਏ ਜਾਂਦੇ ਹਾਂ। ਜਿਵੇਂ ਅੰਗੂਰ ਦੀ ਵੇਲ ਆਪਣੀਆਂ ਟਹਿਣੀਆਂ ਰਾਹੀਂ ਫਲ ਦਿੰਦੀ ਹੈ, ਉਸੇ ਤਰ੍ਹਾਂ ਅਸੀਂ ਮਸੀਹ ਨਾਲ ਆਪਣੇ ਰਿਸ਼ਤੇ ਰਾਹੀਂ ਆਤਮਾ ਦਾ ਫਲ ਦਿੰਦੇ ਹਾਂ (ਗਲਾਤੀਆਂ 5:22,23)। ਇਸ ਤਰ੍ਹਾਂ ਅਸੀਂ ਪਾਪਮਈ ਕੰਮਾਂ ਨੂੰ ਛੱਡ ਕੇ ਚੰਗੇ ਕੰਮਾਂ ਵਿੱਚ ਸਰਗਰਮ ਹੋ ਜਾਂਦੇ ਹਾਂ।

# ਮਸੀਹੀ ਜੀਵਨ ਵਿੱਚ ਯਾਦ ਰੱਖਣ ਵਾਲੀਆਂ ਗੱਲਾਂ

**ਗਵਾਹੀ**: ਸਾਨੂੰ ਆਪਣੇ ਮੂੰਹ ਨਾਲ ਗਵਾਹੀ ਦੇਣੀ ਹੈ ਕਿ ਮਸੀਹ ਯਿਸੂ ਹੀ ਇੱਕੋ ਇੱਕ ਮੁਕਤੀਦਾਤਾ ਅਤੇ ਪ੍ਰਭੂ ਹੈ। ਜਦੋਂ ਇੱਕ ਵਾਰ ਅਸੀਂ ਮਸੀਹ ਯਿਸੂ ਨੂੰ ਕਬੂਲ ਕਰਕੇ ਨਿਹਚਾ ਕੀਤੀ, ਤਾਂ ਅਸੀਂ ਬਚ ਗਏ (ਰੋਮੀਆਂ 10:9)। ਪਰ ਸਾਡੇ ਪ੍ਰਭੂ ਦੀ ਇਹ ਆਗਿਆ ਹੈ ਕਿ ਸਾਨੂੰ ਦੂਜਿਆਂ ਨੂੰ ਵੀ ਇਹੋ ਗਵਾਹੀ ਦੇਣੀ ਹੈ (ਮੱਤੀ 10:32)। ਇਸ ਤਰ੍ਹਾਂ ਅਸੀਂ ਦੂਸਰਿਆਂ ਦੀ ਵੀ ਮਸੀਹ ਵੱਲ ਅਗਵਾਈ ਕਰ ਸਕਾਂਗੇ ਅਤੇ ਆਪਣੇ ਮਸੀਹੀ ਵਿਸ਼ਵਾਸ ਵਿੱਚ ਵੀ ਦ੍ਰਿੜਤਾ ਨਾਲ ਲਗਾਤਾਰ ਅੱਗੇ ਵਧਦੇ ਜਾ ਸਕਾਂਗੇ।

**ਸ਼ੁਭ ਕਰਮ**: ਮੁਕਤੀ ਸਾਡੇ ਚੰਗੇ ਕੰਮਾਂ 'ਤੇ ਅਧਾਰਤ ਨਹੀਂ ਹੈ ਪਰ ਭਲੇ ਕੰਮ ਮੁਕਤੀ ਦਾ ਸਬੂਤ ਹਨ। '*ਕਿਉਂ ਜੋ ਅਸੀਂ ਉਹ ਦੀ ਰਚਨਾ ਹਾਂ ਜਿਹੜੇ ਮਸੀਹ ਯਿਸੂ ਵਿੱਚ ਸ਼ੁਭ ਕਰਮਾਂ ਲਈ ਰਚੇ ਗਏ ਜੋ ਪਰਮੇਸ਼ੁਰ ਨੇ ਅੱਗੋ ਹੀ ਤਿਆਰ ਕੀਤੇ ਸਨ ਭਈ ਅਸੀਂ ਉਨ੍ਹਾਂ ਵਿੱਚ ਲੱਗੇ ਰਹੀਏ' (ਅਫ਼ਸੀਆਂ 2:10)*। ਸਾਰੇ ਧਰਮ ਚੰਗੇ ਕੰਮਾਂ ਦੁਆਰਾ ਮੁਕਤੀ ਪ੍ਰਾਪਤ ਕਰਨ ਬਾਰੇ ਸਿਖਾਉਂਦੇ ਹਨ। ਬਾਈਬਲ (ਨਵਾਂ ਨੇਮ) ਦਾ ਹੁਕਮ ਇਹ ਹੈ ਕਿ ਸਾਨੂੰ ਵਿਸ਼ਵਾਸ ਦੁਆਰਾ ਮੁਕਤੀ ਪ੍ਰਾਪਤ ਕਰਕੇ ਅਤੇ ਫਿਰ ਚੰਗੇ ਕੰਮਾਂ ਵਿੱਚ ਲਗਨ ਨਾਲ ਲੱਗੇ ਰਹਿਣਾ ਚਾਹੀਦਾ ਹੈ। ...*ਇਸਲਈ ਜਿਨ੍ਹਾਂ ਪਰਮੇਸ਼ੁਰ ਦੀ ਪਰਤੀਤ ਕੀਤੀ ਹੈ ਓਹ ਸ਼ੁਭ ਕਰਮ ਕਰਨ ਵਿੱਚ ਚਿੱਤ ਲਾਉਣ.. (ਤੀਤੁਸ 3:8)*।

**ਪ੍ਰਾਰਥਨਾ**: ਪ੍ਰਾਰਥਨਾ ਮਸੀਹੀ ਜੀਵਨ ਦੀ ਸ਼ਕਤੀ ਹੈ। ਪ੍ਰਾਰਥਨਾ ਤੋਂ ਬਿਨਾਂ ਜੀਵਨ ਅਸਫਲ ਅਤੇ ਹਾਰ ਦੀ ਦਸ਼ਾ ਵਿੱਚ ਹੈ। ਦੁਸ਼ਮਣ ਸ਼ੈਤਾਨ ਦੀਆਂ ਚਾਲਾਂ ਨੂੰ ਦੂਰ ਕਰਨ ਲਈ ਪ੍ਰਾਰਥਨਾ ਜ਼ਰੂਰੀ ਹੈ। ਪ੍ਰਭੂ ਯਿਸੂ ਮਸੀਹ ਨੇ ਆਪਣਿਆਂ ਚੇਲਿਆਂ ਨੂੰ ਕਿਹਾ, "*ਪ੍ਰਾਰਥਨਾ ਕਰੋ, ਕਿ ਤੁਸੀਂ ਪਰਤਾਵੇ ਵਿੱਚ ਨਾ ਪਵੋ*"ਪ੍ਰਾਰਥਨਾ ਦੁਆਰਾ ਅਸੀਂ ਪਰਮੇਸ਼ੁਰ ਦੀ ਇੱਛਾ ਨੂੰ ਜਾਣ ਸਕਦੇ ਹਾਂ। ਪ੍ਰਾਰਥਨਾ ਸਿਰਫ਼ ਪਰਮੇਸ਼ੁਰ ਨਾਲ ਗੱਲਾਂ ਕਰਨ ਵਿੱਚ ਸਮਾਂ ਬਿਤਾਉਣਾ ਨਹੀਂ ਹੈ, ਪਰ ਇਹ ਉਹ ਸਮਾਂ ਹੈ ਜਦੋਂ ਅਸੀਂ ਉਸ ਨਾਲ ਸੰਗਤੀ ਵਿੱਚ ਰਹਿ ਕਿ ਬਲ ਪ੍ਰਾਪਤ ਕਰਦੇ ਹਾਂ। ਸਾਨੂੰ ਬਚਨ ਤੋਂ ਅਜਿਹੇ ਹੁਕਮ ਪ੍ਰਾਪਤ ਹੁੰਦੇ ਹਨ ਕਿ "*ਪ੍ਰਾਰਥਨਾ ਲਗਾਤਾਰ ਕਰਦੇ ਰਹੋ। ਨਿੱਤ ਪ੍ਰਾਰਥਨਾ ਕਰੋ*" (ਰੋਮੀਆਂ 12:13; ਫਿਲਿੱਪੀਆਂ 4:6; 1 ਥੱਸਲੁਨੀਕੀਆਂ 5:17)।

**ਪਰਮੇਸ਼ੁਰ ਦੇ ਬਚਨ ਨੂੰ ਪੜ੍ਹਨਾ ਅਤੇ ਧਿਆਨ ਕਰਨਾ**: ਪ੍ਰਾਰਥਨਾ ਮਸੀਹੀ ਜੀਵਨ ਦੀ ਸਾਹ ਪ੍ਰਣਾਲੀ ਹੈ ਜਦੋਂ ਕਿ ਪਰਮੇਸ਼ੁਰ ਦਾ ਬਚਨ ਆਤਮਿਕ ਸੰਤਾਨ ਦਾ ਭੋਜਨ ਹੈ। ਤੁਸੀਂ "*ਨਵਿਆਂ ਜੰਮਿਆਂ ਹੋਇਆਂ ਬੱਚਿਆਂ ਵਾਂਗਰ ਆਤਮਕ ਅਤੇ ਖਾਲਸ*

*ਦੁੱਧ ਦੀ ਲੋਚ ਕਰੋ... "* (1 ਪਤਰਸ 2:2)। ਬਚਨ ਆਤਮਕ ਅਤੇ ਖਾਲਸਾ ਦੁੱਧ ਦੇ ਵਾਂਗ ਹੈ, ਇਸ ਨੂੰ ਪੀ ਕੇ ਵਧਦੇ ਜਾਓ। ਬਚਨ ਸਿਰਫ਼ ਭੋਜਨ ਜਾਂ ਰੋਟੀ ਹੀ ਨਹੀਂ, ਸਗੋਂ ਚਾਨਣ ਵੀ ਹੈ। *'ਤੇਰਾ ਬਚਨ ਮੇਰੇ ਪੈਰਾਂ ਲਈ ਦੀਪਕ, ਅਤੇ ਮੇਰੇ ਰਾਹ ਦਾ ਚਾਨਣ ਹੈ' (ਜ਼ਬੂਰ 119:105)।* ਬਚਨ ਸ਼ੁੱਧ ਕਰਨ ਲਈ ਸਮਰੱਥ ਹੈ। *'ਤੁਸੀਂ ਤਾਂ ਉਸ ਬਚਨ ਕਰਕੇ ਜੋ ਮੈਂ ਤੁਹਾਨੂੰ ਕਿਹਾ ਹੈ ਸਾਫ਼ ਹੋ ਚੁੱਕੇ' (ਯੂਹੰਨਾ 15:3)।* ਸ਼ੈਤਾਨ ਨਾਲ ਲੜਨ ਲਈ ਬਚਨ ਆਤਮਾ ਦੀ ਤਲਵਾਰ ਹੈ। .....*ਅਤੇ ਆਤਮਾ ਦੀ ਤਲਵਾਰ ਜੋ ਪਰਮੇਸ਼ੁਰ ਦੀ ਬਾਣੀ ਹੈ ਲੈ ਲਵੋ (ਅਫ਼ਸੀਆਂ 6:17)।*

ਪਰਮੇਸ਼ੁਰ ਦੇ ਲਿਖਤੀ ਬਚਨ ਦੁਆਰਾ ਅਸੀਂ ਉਸਦੀ ਇੱਛਾ ਨੂੰ ਸਮਝਦੇ ਹਾਂ। ਕਲੀਸੀਆ ਦੇ ਸਿਧਾਂਤ ਅਤੇ ਆਦੇਸ਼ ਇਤਿਹਾਸ ਜਾਂ ਪਰੰਪਰਾਵਾਂ 'ਤੇ ਅਧਾਰਤ ਨਹੀਂ ਹਨ ਪਰ ਲਿਖਤੀ ਬਚਨ ਹੀ ਇਸਦੇ ਇੱਕੋ ਇੱਕ ਸਬੂਤ ਵਜੋਂ ਹਨ। ਅਸੀਂ ਪਵਿੱਤਰ ਆਤਮਾ ਦੀ ਪ੍ਰੇਰਨਾ ਦੁਆਰਾ ਬਚਨ ਦੀਆਂ ਸੱਚਾਈਆਂ ਨੂੰ ਸਮਝਦੇ ਹਾਂ। *ਸਾਰੀ ਲਿਖਤ ਪਰਮੇਸ਼ੁਰ ਦੇ ਆਤਮਾ ਤੋਂ ਹੈ ਅਤੇ ਸਿੱਖਿਆ, ਤਾੜਨ, ਸੁਧਾਰਨ ਅਤੇ ਧਰਮ ਦੇ ਗਿਝਾਉਣ ਲਈ ਗੁਣਕਾਰ ਹੈ। ਭਈ ਪਰਮੇਸ਼ੁਰ ਦਾ ਬੰਦਾ ਕਾਬਲ ਅਤੇ ਹਰੇਕ ਭਲੇ ਕੰਮ ਲਈ ਤਿਆਰ ਕੀਤਾ ਹੋਇਆ ਹੋਵੇ (2 ਤਿਮੋਥਿਉਸ 3:16, 17)।*

ਅਸੀਂ ਕੇਵਲ ਬਚਨ ਨੂੰ ਪੜ੍ਹਨਾ ਹੀ ਨਹੀਂ, ਸਗੋਂ ਇਸ ਦੇ ਅਨੁਸਾਰ ਚਲਣਾ ਵੀ ਹੈ। *ਪਰ ਉਹ ਯਹੋਵਾਹ ਦੀ ਬਿਵਸਥਾ ਵਿੱਚ ਮਗਨ ਰਹਿੰਦਾ, ਅਤੇ ਦਿਨ ਰਾਤ ਉਸ ਦੀ ਬਿਵਸਥਾ ਉੱਤੇ ਧਿਆਨ ਕਰਦਾ ਹੈ (ਜ਼ਬੂਰ 1:2)।* ਧਿਆਨ ਕਰਨਾ ਜੁਗਾਲੀ ਕਰਨ ਵਾਂਗ ਹੀ ਹੈ।

**ਸਮਰਪਣ**: ਇੱਕ ਮਸੀਹੀ ਲਈ ਆਪਣੇ ਆਪ ਨੂੰ ਅਤੇ ਆਪਣਾ ਸਭ ਕੁਝ ਪਰਮੇਸ਼ੁਰ ਦੀ ਮਹਿਮਾ ਲਈ ਸਮਰਪਿਤ ਕਰਨਾ ਚਾਹੀਦਾ ਹੈ (ਰੋਮੀਆਂ 12:1)। ਇਸ ਵਿੱਚ ਆਤਮਾ, ਸਰੀਰ, ਮਨ ਅਤੇ ਧਨ ਸ਼ਾਮਲ ਹਨ। ਸਾਡਾ ਸਰੀਰ ਪਰਮੇਸ਼ੁਰ ਦਾ ਮੰਦਰ

ਹੈ। ਇਸ ਲਈ ਸਾਨੂੰ ਆਪਣੇ ਸਰੀਰ ਰਾਹੀਂ ਪਰਮੇਸ਼ੁਰ ਦੀ ਵਡਿਆਈ ਕਰਨੀ ਚਾਹੀਦੀ ਹੈ। ਅਸੀਂ ਆਪਣੇ ਜੀਵਨ ਨਾਲ ਸਬੰਧਤ ਕਿਸੇ ਵੀ ਚੀਜ਼ ਦੇ ਮਾਲਕ ਨਹੀਂ ਹਾਂ, ਪਰ ਪਰਮੇਸ਼ੁਰ ਦੇ ਮੁਖਤਿਆਰ ਅਤੇ ਭੰਡਾਰੀ ਹਾਂ। ਸਾਨੂੰ ਆਪਣੀ ਧਨ ਦੌਲਤ ਨੂੰ ਪ੍ਰਭੂ ਦੀ ਸੇਵਾ ਕਰਨ ਅਤੇ ਪਰਮੇਸ਼ੁਰ ਦੇ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਵਰਤਣਾ ਚਾਹੀਦਾ ਹੈ। ਪਰਾਹੁਣਾਚਾਰੀ ਸਾਡਾ ਫਰਜ਼ ਹੈ (ਰੋਮੀਆਂ 12:13; ਇਬਰਾਨੀਆਂ 13:1)। ਸਾਡਾ ਜੀਵਨ ਇੱਕ ਨਮੂਨਾ ਬਣਨਾ ਚਾਹੀਦਾ ਹੈ। ਇੱਕ ਚੰਗੀ ਮਿਸਾਲ ਅਤੇ ਨਮੂਨੇ ਵਾਲੇ ਜੀਵਨ ਤੋਂ ਬਿਨਾਂ, ਦੂਸਰੇ ਸਾਡੀਆਂ ਗੱਲਾਂ ਦਾ ਸਤਿਕਾਰ ਨਹੀਂ ਕਰਨਗੇ ਅਤੇ ਅਸੀਂ ਖੁਸ਼ਖਬਰੀ ਵਿੱਚ ਰੁਕਾਵਟ ਬਣ ਜਾਵਾਂਗੇ।

# ਮਸੀਹੀ ਜੀਵਨ ਦੇ ਦੁਸ਼ਮਣ

**ਸੰਸਾਰ**: ਅਸੀਂ ਇਸ ਸੰਸਾਰ ਵਿੱਚ ਹਾਂ ਪਰ ਅਸੀਂ ਇਸ ਸੰਸਾਰ ਦੇ ਨਹੀਂ ਹਾਂ। ਇਸੇ ਕਰਕੇ ਸੰਸਾਰ ਸਾਡੇ ਨਾਲ ਵੈਰ ਰੱਖਦਾ ਹੈ (ਯੂਹੰਨਾ 15:19)। ਇੱਥੇ ਸੰਸਾਰ ਇੱਕ ਅਜਿਹੀ ਸਥਿਤੀ ਨੂੰ ਦਰਸਾਉਂਦਾ ਹੈ ਜੋ ਪਰਮੇਸ਼ੁਰ ਦੇ ਵਿਰੁੱਧ ਵੈਰ ਰੱਖਦਾ ਹੈ ਅਤੇ ਪਰਮੇਸ਼ੁਰ ਦੀਆਂ ਯੋਜਨਾਵਾਂ ਤੋਂ ਨਫ਼ਰਤ ਕਰਦਾ ਹੈ (ਯਾਕੂਬ 4:4)। *ਸੰਸਾਰ ਨਾਲ ਮੋਹ ਨਾ ਰੱਖੋ, ਨਾ ਉਨ੍ਹਾਂ ਵਸਤਾਂ ਨਾਲ ਜੋ ਸੰਸਾਰ ਵਿੱਚ ਹਨ ।ਜੇ ਕੋਈ ਸੰਸਾਰ ਨਾਲ ਮੋਹ ਰੱਖਦਾ ਹੋਵੇ ਤਾਂ ਉਹ ਦੇ ਵਿੱਚ ਪਿਤਾ ਦਾ ਪ੍ਰੇਮ ਨਹੀਂ 1 ਯੂਹੰਨਾ 2:15. … ਇਸ ਜੁੱਗ ਦੇ ਰੂਪ ਜੇਹੇ ਨਾ ਬਣੋ…; (ਰੋਮੀਆਂ 12:2)।* 'ਸੰਸਾਰ' ਸ਼ਬਦ ਦੁਨਿਆਵੀ ਇੱਛਾਵਾਂ, ਮਨੋਰੰਜਨ, ਅਭਿਲਾਸ਼ਾ, ਮਹਿੰਗੇ ਕੱਪੜੇ, ਦੁਨਿਆਵੀ ਧਨ ਦੌਲਤ ਆਦਿ ਨੂੰ ਦਰਸਾਉਂਦਾ ਹੈ (1 ਯੂਹੰਨਾ 2:16)।

**ਸਰੀਰ**: ਇਹ ਪਾਪ ਵਿੱਚ ਸਾਡੇ ਜੀਵਨ ਦੇ ਸੁਭਾਅ ਦੀ ਇੱਕ ਤਸਵੀਰ ਹੈ ਜੋ ਸਾਡੀ ਪੁਰਾਣੀ ਇਨਸਾਨੀਅਤ ਹੈ। ਮੁਕਤੀ ਦੇ ਨਾਲ ਅਸੀਂ ਨਿਸ਼ਚਿਤ ਰੂਪ ਵਿੱਚ ਇੱਕ ਨਵੀਂ ਸ੍ਰਿਸ਼ਟ ਬਣਦੇ ਹਾਂ, ਪਰ ਅਸੀਂ ਉਸੇ ਸਰੀਰ ਵਿੱਚ ਰਹਿੰਦੇ ਹਾਂ ਜੋ ਪੁਰਾਣੇ ਮਨੁੱਖ ਦਾ

ਹੈ।  ਜੇ ਅਸੀਂ ਪਵਿੱਤਰ ਆਤਮਾ ਦੇ ਨਿਰੰਤਰਣ ਤੋਂ ਬਾਹਰ ਹੋ ਜਾਂਦੇ ਹਾਂ ਤਾਂ ਇਸ ਸਰੀਰ ਦੇ ਪੁਰਾਣੇ ਮਨੁੱਖੀ ਸੁਭਾਅ ਦੇ ਕਾਬੂ ਵਿੱਚ ਆ ਜਾਂਦੇ ਹਾਂ।

**ਸ਼ੈਤਾਨ**: ਜਿਸ ਤਰ੍ਹਾਂ ਸ਼ੈਤਾਨ ਪਰਮੇਸ਼ੁਰ ਦਾ ਦੁਸ਼ਮਣ ਹੈ, ਉਸੇ ਤਰ੍ਹਾਂ ਉਹ ਪਰਮੇਸ਼ੁਰ ਦੇ ਲੋਕਾਂ ਨਾਲ ਵੀ ਦੁਸ਼ਮਣੀ ਰੱਖਦਾ ਹੈ (1 ਪਤਰਸ 5:8)। ਉਹ ਪਰਮੇਸ਼ੁਰ ਦੇ ਬਾਲਕਾਂ ਨੂੰ ਗੁੰਮਰਾਹ ਕਰਨ ਦੇ ਉਦੇਸ਼ ਨਾਲ ਚਾਨਣ ਦੇ ਦੂਤ ਦਾ ਰੂਪ ਵੀ ਧਾਰ ਲੈਂਦਾ ਹੈ (2 ਕੁਰਿੰਥੀਆਂ 11:14)। ਇਸਲਈ ਸਾਨੂੰ ਦ੍ਰਿੜ ਹੋ ਕੇ, ਉਸ ਦਾ ਸਾਹਮਣਾ ਕਰਨਾ ਚਾਹੀਦਾ ਹੈ (1 ਪਤਰਸ 5:9)।  ਪਰਮੇਸ਼ੁਰ ਸਾਨੂੰ ਹੁਕਮ ਦਿੰਦਾ ਹੈ, "*ਓਹਨਾਂ ਸਭਨਾਂ ਸਣੇ ਨਿਹਚਾ ਦੀ ਢਾਲ ਲਾਓ ਜਿਹ ਦੇ ਨਾਲ ਤੁਸੀਂ ਉਸ ਦੁਸ਼ਟ ਦੇ ਸਾਰੇ ਅਗਣ ਬਾਣਾਂ ਨੂੰ ਬੁਝਾ ਸੱਕੋਗੇ (ਅਫ਼ਸੀਆਂ 6:16)*।ਇੱਕ ਵਿਸ਼ਵਾਸੀ ਹੋਣ ਦੇ ਨਾਤੇ ਸਾਨੂੰ ਪਰਮੇਸ਼ੁਰ ਦੇ ਸਾਰੇ ਸ਼ਸਤਰ ਧਾਰ ਲੈਣੇ ਚਾਹੀਦੇ ਹਨ ਤਾਂ ਜੋ ਅਸੀਂ ਸ਼ੈਤਾਨ ਦੀਆਂ ਚਾਲਾਂ ਦੇ ਵਿਰੁੱਧ ਖੜ੍ਹੇ ਹੋ ਸਕੀਏ (ਅਫ਼ਸੀਆਂ 6:11)।

*ਸੋ ਤੁਸੀਂ ਆਪਣੀ ਕਮਰ ਸਚਿਆਈ ਨਾਲ ਕੱਸ ਕੇ ਅਤੇ ਧਰਮ ਦੀ ਸੰਜੋ ਪਹਿਨ ਕੇ ਅਤੇ ਮਿਲਾਪ ਦੀ ਖੁਸ਼ ਖਬਰੀ ਦੀ ਤਿਆਰੀ ਦੀ ਜੁੱਤੀ ਆਪਣੇ ਪੈਰੀਂ ਪਾ ਕੇ ਖਲੋ ਜਾਓ ! ਓਹਨਾਂ ਸਭਨਾਂ ਸਣੇ ਨਿਹਚਾ ਦੀ ਢਾਲ ਲਾਓ ਜਿਹ ਦੇ ਨਾਲ ਤੁਸੀਂ ਉਸ ਦੁਸ਼ਟ ਦੇ ਸਾਰੇ ਅਗਣ ਬਾਣਾਂ ਨੂੰ ਬੁਝਾ ਸੱਕੋਗ਼ੇ ਅਤੇ ਮੁਕਤੀ ਦਾ ਟੋਪ ਅਤੇ ਆਤਮਾ ਦੀ ਤਲਵਾਰ ਜੋ ਪਰਮੇਸ਼ੁਰ ਦੀ ਬਾਣੀ ਹੈ ਲੈ ਲਵੋ (ਅਫ਼ਸੀਆਂ 6:14-17)।*

## ਭਵਿੱਖ ਦੀ ਆਸ

ਇੱਕ ਵਿਸ਼ਵਾਸੀ ਆਸਵੰਦ ਰਹਿੰਦਾ ਹੈ। ਮੁਕਤੀ ਤੋਂ ਪਹਿਲਾਂ ਉਹ ਬੇਆਸਾ ਸੀ (ਅਫ਼ਸੀਆਂ 2:12)। ਆਸ ਇੱਕ ਬਿਹਤਰ ਕੱਲ ਦੀ ਉਮੀਦ ਹੈ। ਜਿਵੇਂ ਪ੍ਰਭੂ ਯਿਸੂ ਮਸੀਹ ਸਾਡੀ ਮੁਕਤੀ ਅਤੇ ਜੀਵਨ ਦਾ ਕੇਂਦਰ ਹੈ, ਉਸੇ ਤਰ੍ਹਾਂ ਉਹ ਸਾਡੀ ਆਸ ਤੇ

ਉਮੀਦ ਵੀ ਹੈ (1 ਤਿਮੋਥਿਉਸ 1:1)। ਕਿਉਂਕਿ ਅਸੀਂ ਇਸ ਨੂੰ ਆਪਣੀ ਮੁਬਾਰਕ ਉਮੀਦ ਕਹਿੰਦੇ ਹਾਂ, ਜੋ ਆਣ ਵਾਲੇ ਕੱਲ੍ਹ ਦਾ ਪ੍ਰਵੇਸ਼ ਦੁਆਰ ਹੈ (ਤੀਤੁਸ 2:13)। ਸਾਡੀ ਉਮੀਦ ਦਾ ਵਿਸ਼ਾ ਪ੍ਰਭੂ ਯਿਸੂ ਮਸੀਹ ਦੀ ਦੂਸਰੀ ਆਮਦ ਹੈ (ਯੂਹੰਨਾ 14:1-3)। ਮਸੀਹ ਦਾ ਵਾਇਦਾ ਹੈ ਕਿ ਉਹ ਆਪਣੇ ਲੋਕਾਂ ਨੂੰ ਆਪਣੇ ਨਾਲ ਰੱਖੇਗਾ। ਨਾ ਸਿਰਫ਼ ਉਹ ਲੋਕ ਜੋ ਜਿਉਂਦੇ ਹਨ, ਸਗੋਂ ਉਹ ਵਿਸ਼ਵਾਸੀ ਵੀ ਜੋ ਮਰ ਗਏ ਹਨ ਇਸ ਵਿੱਚ ਸ਼ਾਮਲ ਹੋਣਗੇ (1 ਥੱਸਲੁਨੀਕੀਆਂ 4:13-16)। ਜਦੋਂ ਮਸੀਹ ਬੱਦਲਾਂ ਉੱਤੇ ਆਵੇਗਾ, *'...ਅਸੀਂ ਸੱਭੇ ਛਿੰਨ ਭਰ ਵਿੱਚ ਅੱਖ ਦੀ ਝਮਕ ਵਿੱਚ ਛੇਕੜਲੀ ਤੁਰ੍ਹੀ ਫੂਕਦਿਆਂ ਸਾਰ ਹੋਰ ਦੇ ਹੋਰ ਹੋ ਜਾਵਾਂਗੇ। ਤੁਰ੍ਹੀ ਫੂਕੀ ਜਾਵੇਗੀ ਅਤੇ ਮੁਰਦੇ ਅਵਿਨਾਸ਼ੀ ਹੋ ਕੇ ਜੀ ਉੱਠਣਗੇ ਅਤੇ ਅਸੀਂ ਹੋਰ ਦੇ ਹੋਰ ਹੋ ਜਾਵਾਂਗੇ'* (1 ਕੁਰਿੰਥੀਆਂ 15:52)। ਇਹ ਉਦੋਂ ਹੋਵੇਗਾ ਜਦੋਂ ਕਲੀਸੀਆ ਬੱਦਲਾਂ ਵਿੱਚ ਉਠਾਈ ਜਾਵੇਗੀ ਅਤੇ ਮਸੀਹ ਦੇ ਨਾਲ ਮਿਲਾਈ ਜਾਵੇਗੀ। ਸਾਡੇ ਦੀਨਤਾ ਦੇ ਸਰੀਰਾਂ ਨੂੰ ਮਸੀਹ ਪ੍ਰਭੂ ਆਪਣੇ ਮਹਿਮਾਮਈ ਸਰੀਰ ਦੇ ਰੂਪਰ ਵਿੱਚ ਬਦਲ ਦੇਵੇਗਾ (ਫ਼ਿਲਿੱਪੀਆਂ 3:21)। ਕਲੀਸੀਆ ਪ੍ਰਭੂ ਯਿਸੂ ਮਸੀਹ ਦੇ ਆਉਣ ਦੀ ਉਡੀਕ ਕਰ ਰਹੀ ਹੈ (ਫ਼ਿਲਿੱਪੀਆਂ 3:20; ਕੁਲੁੱਸੀਆਂ 1:7)। ਤਦ ਪ੍ਰਭੂ ਵਿਸ਼ਵਾਸੀਆਂ ਨੂੰ ਉਨ੍ਹਾਂ ਦੇ ਕੰਮਾਂ ਦੇ ਅਨੁਸਾਰ ਇਨਾਮ ਦੇਵੇਗਾ ਅਤੇ ਇਸ ਦਿਨ ਨੂੰ ਪ੍ਰਭੂ ਦਾ ਦਿਨ (ਮਸੀਹ ਦਾ ਦਿਨ) ਵੀ ਕਿਹਾ ਗਿਆ ਹੈ (ਫ਼ਿਲਿੱਪੀਆਂ 2:16; ਤਿਮੋਥਿਉਸ 4:8)।

ਇਸ ਘਟਨਾ ਤੋਂ ਬਾਅਦ ਪ੍ਰਭੂ ਆਪਣੀ ਕਲੀਸੀਆ ਦੇ ਨਾਲ ਇਸ ਧਰਤੀ 'ਤੇ ਵਾਪਸ ਆ ਜਾਵੇਗਾ ਤਾਂ ਜੋ ਉਹ ਆਪਣੇ ਲੋਕਾਂ, ਇਸਰਾਈਲੀਆਂ ਨਾਲ ਕੀਤੇ ਵਾਇਦੇ ਨੂੰ ਪੂਰਾ ਕਰੇ। ਇਸ ਆਮਦ ਨੂੰ ਮਨੁੱਖ ਦੇ ਪੁੱਤਰ ਦੀ ਦੂਸਰੀ ਆਮਦ ਵੀ ਕਿਹਾ ਗਿਆ ਹੈ (ਮੱਤੀ 24:30)। ਇਸ ਸਮੇਂ ਦੌਰਾਨ ਸੰਸਾਰ ਦੁਸ਼ਟ ਦੇ ਰਾਜ ਦੇ ਅਧੀਨ ਵੱਡੀ ਬਿਪਤਾ ਵਿੱਚੋਂ ਲੰਘੇਗਾ। ਇਸ ਘਟਨਾ ਨੂੰ ਯਿਸੂ ਮਸੀਹ ਦੀ 'ਮਹਿਮਾ ਦਾ ਰੂਪ' ਕਿਹਾ ਜਾਂਦਾ ਹੈ।

ਨਤੀਜੇ ਵਜੋਂ, ਮਸੀਹ ਆਪਣੇ ਵਿਰੋਧੀ ਨੂੰ ਉਸਦੇ ਸਿੰਘਾਸਣ ਤੋਂ ਹਟਾ ਦੇਵੇਗਾ ਅਤੇ ਇਸਰਾਏਲੀਆਂ ਨੂੰ ਉਨ੍ਹਾਂ ਦੇ ਰਾਜ ਵਿੱਚ ਵਾਪਸ ਲਿਆਵੇਗਾ ਅਤੇ ਸੰਸਾਰ ਦੀ ਹਕੂਮਤ ਨੂੰ ਆਪ ਸੰਭਾਲੇਗਾ। ਨਬੀਆਂ ਦੀ ਭਵਿੱਖ ਬਾਣੀ ਦੇ ਅਨੁਸਾਰ, ਮਸੀਹਾ ਯਰੂਸ਼ਲਮ ਨੂੰ ਰਾਜਧਾਨੀ ਵਜੋਂ ਬਣਾਕੇ ਇੱਕ ਹਜ਼ਾਰ ਸਾਲ ਲਈ ਇਸ ਸੰਸਾਰ ਉੱਤੇ ਰਾਜ ਕਰੇਗਾ। ਅਸੀਂ ਇਸ ਨੂੰ ਮਸੀਹ ਦਾ ਹਜ਼ਾਰ ਸਾਲ ਦਾ ਰਾਜ ਕਹਿੰਦੇ ਹਾਂ। ਇਨ੍ਹਾਂ ਦਿਨਾਂ ਤੋਂ ਬਾਅਦ ਆਖਰੀ ਨਿਆਉਂ ਹੋਵੇਗਾ। ਸਾਰੇ ਮੁਰਦੇ ਜੀ ਉੱਠਣਗੇ; ਉਹ ਸਾਰੇ ਜਿਨ੍ਹਾਂ ਨੇ ਮਸੀਹ ਨੂੰ ਆਪਣੇ ਮੁਕਤੀਦਾਤਾ ਵਜੋਂ ਸਵੀਕਾਰ ਨਹੀਂ ਕੀਤਾ ਹੋਵੇਗਾ, ਉਹ ਸਦੀਪਕ ਕਾਲ ਲਈ ਸਜ਼ਾ ਭੋਗਣਗੇ।

ਪਿਆਰੇ ਮਿੱਤਰ, ਤੁਸੀਂ ਆਪਣਾ ਸਦੀਪਕ ਕਾਲ ਕਿੱਥੇ ਬਿਤਾਓਗੇ? ਜੇਕਰ ਤੁਸੀਂ ਅਜੇ ਵੀ ਇਸ ਸੰਸਾਰ ਵਿੱਚ ਜਿਉਂਦੇ ਹੋ, ਤੁਸੀਂ ਆਪਣੇ ਪਾਪਾਂ ਦੀ ਮਾਫ਼ੀ ਲਈ ਯਿਸੂ ਮਸੀਹ ਨੂੰ ਆਪਣਾ ਨਿਜੀ ਮੁਕਤੀਦਾਤਾ ਅਤੇ ਪ੍ਰਭੂ ਵਜੋਂ ਸਵੀਕਾਰ ਕਰਕੇ, ਤੁਸੀਂ ਇਸ ਭਿਆਨਕ ਸਜ਼ਾ ਤੋਂ ਬਚ ਸਕਦੇ ਹੋ ਅਤੇ ਮਸੀਹ ਦੇ ਨਾਲ ਸਦਾ ਲਈ ਜੀਉਂਦੇ ਰਹਿ ਪਾਓਗੇ।

ਕਿਉਂਕਿ ਇਹੋ ਹੀ ਸਹੀ ਸਮਾਂ ਹੈ।..., ਦੇਖੋ, ਅੱਜ ਹੀ ਮੁਕਤੀ ਦਾ ਦਿਨ ਹੈ (2 ਕੁਰਿੰਥੀਆਂ 6:2)। *'ਅਤੇ ਜਿਵੇਂ ਮਨੁੱਖਾਂ ਲਈ ਇੱਕ ਵਾਰ ਮਰਨਾ ਠਹਿਰਾਇਆ ਹੋਇਆ ਹੈ ਅਤੇ ਉਹ ਦੇ ਪਿੱਛੋਂ ਨਿਆਉਂ ਹੁੰਦਾ ਹੈ'* (ਇਬਰਾਨੀਆਂ 9:27)।

ਅਸੀਂ ਤੁਹਾਨੂੰ ਇਹ ਬੇਨਤੀ ਕਰਦੇ ਹਾਂ ਕਿ ਕਿਰਪਾ ਦੇ ਦਰਵਾਜ਼ੇ ਦੇ ਬੰਦ ਹੋਣ ਤੋਂ ਪਹਿਲਾਂ, ਇਸ ਮੁਕਤੀ ਨੂੰ ਸਵੀਕਾਰ ਕਰੋ, ਜੋ ਕਿ ਪਰਮੇਸ਼ੁਰ ਦੀ ਦਾਤ ਹੈ।

ਹੋਰ ਜਾਣਕਾਰੀ ਲਈ ਕਿਰਪਾ ਕਰਕੇ ਸੰਪਰਕ ਕਰੋ: